# ਅੰਮ੍ਰਿਤ ਕੀਰਤਨ

ੴ

ਫਰਵਰੀ 2003



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 2 ◆ ਸਾਲ ਪੰਦਰਵਾਂ ◆ ਫਰਵਰੀ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004



**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ :** 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ :** 0172-772660

e-mail: drjagirsingh@rediffmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਸੇਵਕ ਕਉ ਨਿਕਟੀ ਹੋਇ ਦਿਖਾਵੈ**<br>*ਭਗਵੰਤ ਸਿੰਘ ਦਲਵਾਰੀ* | 5 |
| **ਸੰਤ ਬਾਬਾ ਸੁੱਚਾ ਸਿੰਘ ਜੀ**<br>*ਕੁਲਦੀਪ ਸਿੰਘ ਮਤਵਾਲਾ* | 8 |
| **ਸੋ ਕਰੇ ਜਿ ਤਿਸੈ ਰਜਾਇ ॥**<br>*ਪ੍ਰੋ. ਨਰਿੰਦਰ ਸਿੰਘ* | 9 |
| **ਧਰਮ ਦੀ ਪਹਿਚਾਣ**<br>*ਬਹਾਦਰ ਸਿੰਘ ਸੇਠੀ* | 11 |
| **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਦਾ ਮਹੱਤਵ**<br>*ਗੁਰਕੰਵਲ ਕੌਰ* | 13 |
| **ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖਿ ਏਕੰਕਾਰ**<br>*ਗੁਰਬਖਸ਼ ਸਿੰਘ ਪਿਆਸਾ* | 14 |
| **ਗੁਰਮਤਿ ਸਾਹਿਤ ਤੇ ਸੰਗੀਤ ਨੂੰ ਸਮਰਪਿਤ...**<br>*ਭਾਈ ਅਵਤਾਰ ਸਿੰਘ ਹੰਸ* | 16 |
| **ਵੀਹਵੀਂ ਸਦੀ ਦੇ ਕੀਰਤਨੀਆਂ ਦਾ ਸਾਥੀ ਹਰਮੋਨੀਅਮ**<br>*ਹਰਜਾਪ ਸਿੰਘ ਔਜਲਾ* | 18 |
| **ਭਲੋ ਭਲੋ ਰੇ ਕੀਰਤਨੀਆ...**<br>*ਚਰਨਜੀਤ ਸਿੰਘ* | 19 |
| **ਪੁਸਤਕ ਸਮੀਖਿਆ**<br>*ਡਾ. ਗੁਰਮੀਤ ਸਿੰਘ ਬੈਦਵਾਣ* | 20 |
| **127ਵੇਂ ਬਾਬਾ ਹਰਿਬਲਭ ਸੰਗੀਤ ਪ੍ਰਤੀਯੋਗਤਾ...**<br>*ਗੁਰਜੰਤ ਸਿੰਘ ਰਾਹੀ* | 22 |
| **Is Indian Classical Music Dying**<br>*Mohan Nadkarni* | 24 |
| **ਸੁਰ ਲਿਪੀਆਂ**<br>*ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ* | 25 |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ**<br>*ਮਨਮੋਹਨ ਸਿੰਘ* | 27 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਆਸ ਹੈ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਦੁਆਰਾ ਆਪ ਜੀ ਹੁਣ ਬਿਲਕੁਲ ਠੀਕ ਠਾਕ ਹੋ ਗਏ ਹੋਵੋਗੇ। ਜਦ ਵੀ ਹੁਕਮ ਕਰੋਗੇ ਦਾਸ ਆਪ ਜੀ ਕੋਲ ਆ ਕੇ ਜਾਂ ਆਪ ਜੀ ਸਾਡੇ ਗ੍ਰਹਿ ਵਿਖੇ ਆ ਕੇ ਦਾਸ ਨੂੰ ਕੀਰਤਨ ਦੀ ਅਨਮੁੱਲੀ ਦਾਤ ਬਖ਼ਸ਼ਿਆ ਕਰੋਗੇ। ਗੁਰੂ ਗੋਬਿੰਦ ਸਿੰਘ ਨੂੰ ਸ਼ਰਧਾ ਦੇ ਫੁੱਲ ਇਕ ਕਵਿਤਾ ਭੇਜ ਰਿਹਾ ਹਾਂ। ਇਹ ਕਵਿਤਾ ਫਾਰਸੀ ਦੇ ਮਹਾਨ ਕਵੀ ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀ ਪ੍ਰਸਿੱਧ ਫਾਰਸੀ ਦੀ ਕਵਿਤਾ 'ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ' ਦਾ ਅਨੁਵਾਦ ਬਿਲਕੁਲ ਨਹੀਂ ਹੈ। ਇਸ ਉਪਰਾਲੇ ਵਿਚ ਸਿਰਫ ਉਨ੍ਹਾਂ ਦੇ ਕਵਿਤਾ ਲਿਖਣ ਦੇ ਤਰੀਕੇ ਦੀ ਵਰਤੋਂ ਦਾਸ ਵਲੋਂ ਕੀਤੀ ਗਈ ਹੈ।

ਸੰਤ ਸੂਰਮੇ ਗੁਰ ਗੋਬਿੰਦ ਸਿੰਘ,
ਨਾਨਕ ਦੇ ਪੂਰਨੇ ਗੁਰ ਗੋਬਿੰਦ ਸਿੰਘ।
ਨਿਰਭੈ-ਭੰਡਾਰ ਗੁਰ ਗੋਬਿੰਦ ਸਿੰਘ,
ਬੀਰਤਾ-ਨਿਗਾਰ ਗੁਰ ਗੋਬਿੰਦ ਸਿੰਘ।
ਸ਼ਾਹੇ-ਸ਼ੈਹਨਸ਼ਾਹ ਗੁਰ ਗੋਬਿੰਦ ਸਿੰਘ,
ਸਿਮਰਨ-ਅਥਾਹ ਗੁਰ ਗੋਬਿੰਦ ਸਿੰਘ।
ਅਲਿਮੋਂ-ਫਾਜ਼ਿਲ ਗੁਰ ਗੋਬਿੰਦ ਸਿੰਘ,
ਹਰ-ਪਾਸੇ ਹਾਜ਼ਿਰ ਗੁਰ ਗੋਬਿੰਦ ਸਿੰਘ।
ਸਿਰਤਾਜ-ਕਵੀਆਂ ਗੁਰ ਗੋਬਿੰਦ ਸਿੰਘ,
ਤਾਣ-ਹਿੰਦੀਆਂ ਗੁਰ ਗੋਬਿੰਦ ਸਿੰਘ।
ਸਰਬੰਸ ਵਾਰਨੇ ਗੁਰ ਗੋਬਿੰਦ ਸਿੰਘ,
ਪੰਥ-ਸੰਵਾਰਨੇ ਗੁਰ ਗੋਬਿੰਦ ਸਿੰਘ।
ਆਪ ਗੁਰ ਚੇਲਾ ਵੀ ਆਪ ਗੁਰ ਗੋਬਿੰਦ ਸਿੰਘ,
ਸਰਬ-ਸੁਹੇਲਾ ਵੀ ਗੁਰ ਗੋਬਿੰਦ ਸਿੰਘ।
ਪੰਜ-ਪਿਆਰੇ ਹਨ ਗੁਰ ਗੋਬਿੰਦ ਸਿੰਘ,
ਖਾਲਸਾ ਮੇਰੋ ਰੂਪ ਹੈ ਖਾਸ ਗੁਰ ਗੋਬਿੰਦ ਸਿੰਘ।
ਆਲਿਮੇ-ਬੇ-ਮਿਸਾਲ ਗੁਰ ਗੋਬਿੰਦ ਸਿੰਘ,
'ਤੇਜ' ਤੈਥੋਂ ਨਿਹਾਲ ਗੁਰ ਗੋਬਿੰਦ ਸਿੰਘ।

*- ਡਾ. ਤੇਜਪਾਲ ਸਿੰਘ ਚਾਵਲਾ,*
*1363, ਸੈਕਟਰ 40-ਬੀ, ਚੰਡੀਗੜ੍ਹ*

♦ 'ਅੰਮ੍ਰਿਤ ਕੀਰਤਨ' ਦਾ ਜਨਵਰੀ 2003 ਸ਼ਰਧਾਂਜਲੀ ਅੰਕ ਮੇਰੇ ਮਨ ਉੱਤੇ ਇਕ ਅਮਿਟ ਛਾਪ ਛਡ ਗਿਆ ਹੈ। ਸੰਤ ਬਾਬਾ ਸੁੱਚਾ ਸਿੰਘ ਜੀ ਹੋਰਾਂ ਦੀ ਸ਼ਖਸੀਅਤ ਅਤੇ ਉਹਨਾਂ ਦੀਆਂ ਸ਼ਬਦ ਕੀਰਤਨ ਲਈ ਕੀਤੀਆਂ ਘਾਲਣਾਵਾਂ ਬਾਰੇ ਪੜ੍ਹ ਕੇ ਅਹਿਸਾਸ ਹੋਇਆ ਕਿ ਜਿਥੇ ਇਕ ਪਾਸੇ ਸਿੱਖੀ ਮਰਯਾਦਾ ਵਿਚ ਲਗਾਤਾਰ ਨਿਘਾਰ ਆ ਰਿਹਾ ਹੈ ਉਥੇ ਗੁਰ-ਸ਼ਬਦ ਨੂੰ ਪਿਆਰ ਕਰਨ ਵਾਲੇ ਅਤੇ ਉਹਨਾਂ ਦਾ ਸਹੀ ਅਰਥ ਗੁਰ-ਸੰਗਤ ਤਕ ਪਹੁੰਚਉਣ ਵਾਲੇ ਸੰਤ ਕਿਧਰੇ ਵਿਰਲੇ ਹਨ ਵੀ। ਉਹਨਾਂ ਦੀ ਯਾਦ ਵਿਚ ਸ਼ਰਧਾਂਜਲੀ ਅੰਕ ਕੱਢ ਕੇ ਤੁਸੀਂ ਇਕ ਪਿਰਤ ਪਾਈ ਹੈ ਕਿ ਅਜਿਹੇ ਭਲੇ ਪੁਰਖਾਂ, ਸੱਚੇ ਸੰਤਾਂ ਦੀਆਂ ਘਾਲਣਾਵਾਂ ਨੂੰ ਨਾ ਸਿਰਫ ਯਾਦ ਹੀ ਰੱਖਿਆ ਜਾਵੇ ਸਗੋਂ ਜਿੱਥੇ ਜਾਂ ਜਿਹੜੇ ਪੜਾਅ ਤੇ ਉਹ ਆਪਣਾ ਕਾਰਜ ਛੱਡ ਗਏ ਹਨ ਉਸਨੂੰ ਅੱਗੇ ਲਗਾਤਾਰ ਤੋਰਿਆ ਜਾ ਸਕੇ। ਤੁਹਾਡਾ ਇਹ ਅੰਕ ਦੂਜੀਆਂ ਵੱਡੀਆਂ ਧਾਰਮਿਕ ਸੰਸਥਾਵਾਂ ਨੂੰ ਇਕ ਮਾਰਗ ਦਰਸ਼ਨ ਵੱਲ ਬੜਾ ਸੁਹਣਾ ਅਤੇ ਸੂਖਮ ਇਸ਼ਾਰਾ ਵੀ ਹੈ ਤਾਂ ਕਿ ਉਹ ਸਿਆਸਤ ਅਤੇ ਫਜ਼ੂਲ ਕਾਰਜਾਂ ਨੂੰ ਛੱਡ ਕੇ ਸੰਤ ਬਾਬਾ ਸੁੱਚਾ ਸਿੰਘ ਵਰਗੀਆਂ ਹੋਰ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਰਾਹੀਂ ਹੀ ਨਹੀ ਸਗੋਂ ਉਹਨਾਂ ਦੇ ਕੀਤੇ ਕਾਰਨਾਮਿਆਂ ਤੋਂ ਸਿੱਖ ਕੇ ਕੁਝ ਅਜਿਹੀਆਂ ਸੰਸਥਾਵਾਂ ਖੋਲ੍ਹਣ ਦਾ ਯਤਨ ਕਰਨ ਜਿਸ ਨਾਲ ਅੱਜ ਦੀ ਲੋੜ ਅਨੁਸਾਰ ਆਮ ਲੋਕਾਂ ਦਾ ਪਿਆਰ ਅਤੇ ਸਤਿਕਾਰ ਗੁਰ-ਸ਼ਬਦ ਲਈ ਸਹੀ ਦਿਸ਼ਾ ਵਿਚ ਪ੍ਰਫੁੱਲਤ ਹੋ ਸਕੇ।

ਤੁਸੀਂ ਇਸ ਉਪਰਾਲੇ ਲਈ ਵਧਾਈ ਦੇ ਪਾਤਰ ਹੋ। ਅੰਮ੍ਰਿਤ ਕੀਰਤਨ ਦੀ ਨੁਹਾਰ ਤੁਹਾਡੀਆਂ ਅਤੇ ਤੁਹਾਡੇ ਸਾਥੀਆਂ ਦੀ ਕੀਤੀ ਅਣਥੱਕ ਮਿਹਨਤ ਸਦਕਾ ਹੋਰ ਵਧੇਰੇ ਚਮਕ ਕੇ ਸਾਹਮਣੇ ਆਈ ਹੈ। ਤੁਸੀਂ ਆਪਣੀ ਬਿਮਾਰੀ ਅਤੇ ਸਿਹਤ ਦੀ ਪਰਵਾਹ ਨਾ ਕਰਦਿਆਂ ਆਪਣਾ ਯੋਗਦਾਨ ਜਾਰੀ ਰੱਖਿਆ। ਵਾਹਿਗੁਰੂ ਨੇ ਤੁਹਾਨੂੰ ਬਖਸ਼ਿਸ਼ ਕੀਤੀ ਅਤੇ ਉਸੇ ਸਦਕਾ ਹੀ ਸਾਨੂੰ ਪੂਰੀ ਉਮੀਦ ਹੈ ਕਿ ਅੰਮ੍ਰਿਤ ਕੀਰਤਨ-ਕੀਰਤਨ ਰਸੀਆਂ ਨੂੰ ਹਮੇਸ਼ਾ ਵਾਂਗ ਆਉਂਦੇ ਲੰਮੇ ਸਮੇਂ ਤੱਕ ਵੱਡਮੁਲੀ ਜਾਣਕਾਰੀ ਦਿੰਦਾ ਰਹੇਗਾ।

*- ਗੁਰਚਰਨ ਸਿੰਘ,*
*ਕੋਠੀ ਨੰ: 250, ਫੇਜ਼ 1, ਮੋਹਾਲੀ*

♦ ਕੀਰਤਨ ਬਹੁਤ ਹੀ ਅਨਮੋਲਕ ਦਾਤ ਹੈ। ਇਸ ਸਬੰਧੀ ਆਪ ਜੀ ਦਾ ਉਪਰਾਲਾ ਜ਼ਰੂਰ ਸਲਾਘਾਯੋਗ ਹੈ। ਗੁਰੂ ਆਪ ਜੀ ਨੂੰ ਚੜ੍ਹਦੀ ਕਲਾ ਬਖਸ਼ਿਸ਼ ਕਰੇ ਜੀ। ਬੇਨਤੀ ਹੈ ਕਿ ਹਰ ਪਰਚੇ ਵਿਚੋਂ ਕਿਸੇ ਇਕ ਕੀਰਤਨੀ ਜਥੇ ਦੀ ਇੰਟਰਵਿਊ ਜਾਂ ਕਿਸੇ ਜਥੇ ਵਲੋਂ ਕੁਝ ਵਿਚਾਰ ਪ੍ਰਕਾਸ਼ਤ ਕਰਨ ਦੀ ਕਿਰਪਾ ਕੀਤੀ ਜਾਵੇ ਜੋ ਪਾਠਕਾਂ ਲਈ ਸਿੱਖਿਆ ਦਾਇਕ ਅਤੇ ਉਸਾਰੂ ਹੋਵੇ। ਆਪ ਜੀ ਦੀ ਤੰਦਰੁਸਤੀ ਵਾਸਤੇ ਗੁਰੂ

ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਜੀ।

*- ਗਿਆਨੀ ਸਰੂਪ ਸਿੰਘ, ਪਿੰਡ ਤੇ ਡਾਕਖਾਨਾ ਕੰਡਿਆਣਾ, ਤਹਿ. ਫਿਲੌਰ 144 410 (ਜਲੰਧਰ)*

♦ ਦਸੰਬਰ ਦਾ 'ਕਰਉ ਬੇਨਤੀਆ' ਡਾ. ਜਗੀਰ ਸਿੰਘ ਜੀ ਦੀ ਤਰਗੀਰ ਬਹੁਤ ਹੀ ਕਾਬਿਲੇ ਤਾਰੀਫ ਸੀ, ਭਗਵੰਤ ਸਿੰਘ ਦਿਲਾਵਰੀ ਜੀ ਦਾ ਲੇਖ ਗੁਰੂ ਦੇ ਪ੍ਰੇਮ ਦਾ ਰਸ ਮਾਨਣ ਲਈ ਪਉੜੀਆਂ, ਸ੍ਰ. ਮਨਮੋਹਨ ਸਿੰਘ ਦਾਊ ਦਾ ਲੇਖ 'ਸੀਸ ਦੀਆਂ ਪਰ ਸਿਰਰ ਨਾ ਦੀਆ' ਮਾਫ ਕਰਨਾ ਸਿਰਰ ਦੀ ਜਗਾ ਸਿਰੜ ਲਿਖਿਆ ਹੋਇਆ ਸੀ। ਸਤਿਨਾਮ ਸਿੰਘ ਖਾਲਸਾ ਐਡਵੋਕੇਟ ਜੀ ਦਾ ਲੇਖ ਗੁਰਮਤਿ ਪ੍ਰਚਾਰ ਦੀਆਂ ਸਮੱਸਿਆਵਾਂ ਬਹੁਤ ਹੀ ਵਧੀਆ ਖੋਜ ਭਰਪੂਰ ਲੇਖ ਸੀ। ਤੁਸੀਂ ਹਰ ਮਹੀਨੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧ ਬਾਰੇ ਕੋਈ ਨਾ ਕੋਈ ਲੇਖ ਜ਼ਰੂਰ ਛਾਪਿਆ ਕਰੋ, ਪ੍ਰੋ. ਨਰਿੰਦਰ ਸਿੰਘ ਜੀ ਦਾ ਲੇਖ ਜਿਨਾਂ ਗੁਰਦੁਆਰਿਆਂ ਨੂੰ ਪੰਥ ਵਿਛੜ ਗਿਆ, ਕਸ਼ਮੀਰ ਸਿੰਘ ਮੁਹਾਲੀ ਵਲੋਂ ਰਾਗ ਰਾਮਕਲੀ ਵਿੱਚ ਤਿੰਨ ਤਾਲ ਦੀ ਬੰਦਸ਼ ਅਤੇ ਰੂਪ ਤਾਲ ਦੀ ਬੰਦਸ਼, ਸੰਤ ਬਾਬਾ ਸੁੱਚਾ ਸਿੰਘ ਵਿਸ਼ੇਸ਼ ਅੰਕ ਛਾਪਣ ਲਈ ਧੰਨਵਾਦ ਜੋ ਕਿ ਬਹੁਤ ਜ਼ਰੂਰੀ ਹੈ। ਸੰਤ ਜੀ ਨੇ ਗੁਰਮਤਿ ਸੰਗੀਤ ਨੂੰ ਉਜਾਗਰ ਕੀਤਾ ਬਾਕੀ ਗੁਰਮੁਖ ਢੂੰਡ ਢੂੰਡਦਿਆਂ ਕਾਲਮ ਵੀ ਜ਼ਰੂਰ ਛਾਪਿਆ ਕਰੋ।

*- ਮੰਗਤ ਸਿੰਘ ਮਸਤਾਨਾ, ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ, ਮਲੋਟ 152 107*

♦ ਆਪ ਨੇ ਕੀਰਤਨ ਅਤੇ ਗੁਰਬਾਣੀ ਪ੍ਰਚਾਰ ਲਈ ਬਹੁਤ ਬੜਾ ਯੋਗਦਾਨ ਪਾਇਆ ਹੈ ਸਿੱਖ ਕੌਮ ਆਪ ਦਾ ਤੇ ਖਾਸਕਰ ਵਿਦਵਾਨ ਤੇ ਕੀਰਤਨੀਏ ਆਪ ਦੇ ਅਹਿਸਾਨਮੰਦ ਰਹਿਨਗੇ ਆਪ ਨੇ ਕਈ ਪੁਸਤਕਾਂ ਲਿਖੀਆਂ ਅਤੇ ਬਹੁਤ ਸੁੰਦਰ ਲੇਖ ਤੇ ਰਸਾਲਾ ਅੰਮ੍ਰਿਤ ਕੀਰਤਨ ਦਾ ਨਿਰੰਤਰ ਛਪ ਰਿਹਾ ਹੈ।

*- ਪ੍ਰਿੰ. ਹਰਨਾਮ ਸਿੰਘ,*
*VPO Simbal Camp, Jammu*

♦ ਆਪ ਜੀ ਨੂੰ ਨਵੇਂ ਸਾਲ 2003 ਦੀ ਅਤੇ 'ਗੁਰਮਤ ਸੰਗੀਤ ਐਵਾਰਡ' ਜਵੱਦੀ ਟਕਸਾਲ ਜੋ ਆਪ ਜੀ ਨੂੰ ਭੇਟ ਕੀਤਾ ਹੈ ਉਸ ਦੀ ਬਹੁਤ ਬਹੁਤ ਵਧਾਈ ਹੋਵੇ ਜੀ ਜਦੋਂ ਆਪ ਜੀ ਦਾ ਨਾਮ ਅਨਾਉਂਸ ਹੋਇਆ ਉਸ ਵਕਤ ਮੈਂ ਵੀ ਉਥੇ ਹੀ ਸੀ। ਬੇਹੱਦ ਖੁਸ਼ੀ ਹੋਈ। ਜਨਵਰੀ ਅੰਕ ਮਿਲ ਗਿਆ ਹੈ ਬਹੁਤ ਹੀ ਵਧੀਆ ਲੱਗਿਆ।

*- ਅਵਤਾਰ ਸਿੰਘ ਹੰਸ,*
*ਗੁਰੂ ਅਰਜਨ ਕੀਰਤਨ ਅਕੈਡਮੀ, ਸੰਗਰੂਰ*

♦ ਆਪ ਜੀ ਦਾ ਭੇਜਿਆ ਪਿਆਰਾ ਅੰਮ੍ਰਿਤ ਕੀਰਤਨ ਮਿਲਿਆ। ਪੁਰਾਣੀਆਂ ਯਾਦਾਂ (ਗੁ. ਫ਼ਤਹਿਗੜ੍ਹ ਸਾਹਿਬ) ਯਾਦ ਆਇਆ। ਰੇਡੀਓ ਤੇ ਕਦੇ ਕਦੇ ਛੋਟੇ ਵੀਰ ਡਾ. ਗੁਰਨਾਮ ਸਿੰਘ ਦੀ ਅਵਾਜ਼ ਵੀ ਸੁਣਨ ਨੂੰ ਮਿਲ ਜਾਂਦੀ ਹੈ। ਆਪ ਜੀ ਦੇ ਦਰਸ਼ਨ ਅੰਮ੍ਰਿਤ ਕੀਰਤਨ ਵਿਚੋਂ ਹੋਏ ਹਨ। ਧੰਨਵਾਦ ਕੀਰਤਨ ਕਰਨਾ ਕੀਰਤਨ ਸੁਣਨਾ ਜਾਂ ਕੀਰਤਨ ਕਰਨ ਸੁਣਨ ਲਈ ਪ੍ਰੇਰਨਾ ਕਰਨੀ, ਉਤਸਾਹਿਤ ਕਰਨਾ ਮੇਰੇ ਵੀਚਾਰ ਅਨੁਸਾਰ ਬਿਲਕੁਲ ਆਪਸ ਵਿੱਚ ਸੰਬੰਧਤ ਹਨ। "ਅੰਮ੍ਰਿਤ ਕੀਰਤਨ" ਇਹ ਸੇਵਾ ਨਿਭਾਉਣ ਵਿੱਚ ਪੂਰਾ ਪੂਰਾ ਯੋਗਦਾਨ ਪਾ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਸਤਾ-ਬਲਵੰਡ ਵਲੋਂ ਇਕ ਸਮੇਂ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਸਤਿਗੁਰੂ ਜੀ ਨੇ ਆਪਣੇ ਸਿਖਾਂ ਨੂੰ ਆਪ ਹੀ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਅੱਜ ਸਤਿਗੁਰੂ ਦੀ ਕਿਰਪਾ ਸਦਕਾ ਥਾਂ ਥਾਂ ਕੀਰਤਨ ਦਰਬਾਰ ਸਜਾਏ ਜਾ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀ ਕਿ ਜਿਸ ਗੁਰੂ ਨੇ ਕੀਰਤਨੀਏ ਦਾ ਜ਼ਿਕਰ ਇਸ ਦਸੰਬਰ ਦੇ "ਅਮ੍ਰਿਤ ਕੀਰਤਨ" ਵਿੱਚ ਸ. ਭਗਵੰਤ ਸਿੰਘ ਦਲਾਵਰੀ ਜੀ ਨੇ ਕੀਤਾ ਹੈ, ਓਹੋ ਜਿਹੇ ਆਮ ਨਹੀਂ ਮਿਲਦੇ! ਪਰ ਸਾਰੇ ਇਹੋ ਜਿਹੇ ਹੋ ਵੀ ਨਹੀਂ ਸਕਦੇ। ਸਤਿਗੁਰੂ ਜੀ ਦੇ ਪਿਆਰ ਵਿੱਚ ਕੇਵਲ ਤੇ ਕੇਵਲ ਕੀਰਤਨ ਕਰਨ ਵਾਲਿਆਂ ਦੀਆਂ ਵੀ ਸੰਸਾਰੀ ਲੋੜਾਂ ਹਨ। ਸੰਜਮੀ ਤੇ ਸੰਤੋਖੀ ਕੀਰਤਨ ਕਰਨ ਵਾਲਿਆਂ ਦੀਆਂ ਲੋੜਾਂ ਦੀ ਪੂਰਤੀ ਦਾ ਪ੍ਰਬੰਧ ਕਰਨਾ ਵੀ ਸੁਣਨ ਵਾਲਿਆਂ ਦੀ ਜ਼ਿਮੇਵਾਰੀ ਬਣਦੀ ਹੈ।

ਕੀਰਤਨ ਕਰਨ/ਸੁਣਨ ਦੀ ਜ਼ਿਮੇਵਾਰੀ ਨਿਭਾਉਂਦਿਆਂ ਹੋਇਆ ਸਾਡੀ ਅਵਸਥਾ ਇਹੋ ਜਿਹੇ ਬਣ ਜਾਣੀ ਚਾਹੀਦੀ ਹੈ ਕਿ ਅਸੀਂ ਆਪਣਾ ਘਰ ਬਾਰ (ਪਰਵਾਰ ਅਥਵਾ ਪੰਥਕ ਪਰਵਾਰ) ਸੰਭਾਲ ਸਕੀਏ ਤੇ ਸ. ਜੋਗਿੰਦਰ ਸਿੰਘ ਜੀ ਫ਼ਰੀਦਾਬਾਦ ਵਾਲਿਆਂ ਵਲੋਂ ਦਿੱਤੀ ਸੇਧ ਅਨੁਸਾਰ ਜੀਵਨ ਬਤੀਤ ਕਰਦਿਆਂ "ਮੰਦਾ ਕਿਸੈ ਨ ਆਖੀਐ..." ਨੂੰ ਮੁਖ ਰਖਦੇ ਹੋਏ "ਘਰ ਆਪਣਾ ਸਭੀਏ ਤੇ ਚੋਰ ਕਿਸੇ ਨੂੰ ਨਾ ਆਖੀਏ" ਵਾਲੀ ਹਾਲਤ ਵਿੱਚ ਜੀਵਨ ਜੀਣ ਲਈ ਸਤਿਗੁਰੂ ਜੀ ਕੋਲ ਅਰਜ਼ੋਈਆਂ ਕਰਦੇ ਰਹੀਏ। ਸਤਿਗੁਰੂ ਸਾਨੂੰ ਸੁਮਤਿ ਬਖਸ਼ਣਾ!

***- ਬਲਵੰਤ ਕੌਰ ਚਾਂਦ,***
*255, ਅਜੀਤ ਨਗਰ, ਅੰਮ੍ਰਿਤਸਰ*

♦ I was extreemly pained to learn about Dr Jagir Singh ji's accident. I hope and pray that he is well again soon to render the great 'Sewa' for the Sikh panth that he was doing so well earlier.

***- Raj Mohinder Kaur***
*296, Sector 10/B, Chandigarh*

## ਕਰਉ ਬੇਨੰਤੀਆ

### ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਪਛਾਣੋ

ਪਿਛਲੇ ਮਹੀਨੇ ਪੰਜਾਬ ਸਿੱਖਿਆ ਬੋਰਡ ਵਲੋਂ ਰਾਜ-ਪੱਧਰ ਦੇ ਵਿਦਿਅਕ ਮੁਕਾਬਲੇ ਵੇਖਣ ਦਾ ਮੌਕਾ ਮਿਲਿਆ। ਇਥੇ ਵਿਦਿਆਰਥੀ ਸ਼ਬਦ ਗਾਇਨ, ਵਾਰ ਗਾਇਨ, ਕਵੀਸ਼ਰੀ, ਭਾਸ਼ਣ, ਨਾਟਕ, ਕਵਿਤਾ ਆਦਿ ਕਲਾਵਾਂ ਵਿੱਚ ਆਪਣੇ ਆਪਣੇ ਫਨ ਦਾ ਮੁਜ਼ਾਹਿਰਾ ਕਰ ਰਹੇ ਸਨ। ਇਹਨਾਂ ਵਿਚੋਂ ਬਹੁਤੇ ਬੱਚੇ ਕਲਾ ਵਿੱਚ ਇਤਨੇ ਪਰਪੱਕ ਸਨ ਕਈ ਪੇਸ਼ਾਵਰ ਕਲਾਕਾਰ ਵੀ ਅਚੰਭੇ ਵਿੱਚ ਸਨ।

ਇਹਨਾਂ ਵਿਦਿਆਰਥੀ ਕਲਾਕਾਰਾਂ ਦੀ ਯੋਗਤਾ ਇਹ ਸੋਚਣ ਲਈ ਮਜ਼ਬੂਰ ਕਰ ਰਹੀ ਸੀ ਕਿ ਇਹ ਸਕੂਲ ਪੱਧਰ ਤੇ ਤਾਂ ਇਤਨੇ ਵਧੀਆ ਢੰਗ ਨਾਲ ਕਲਾ ਦਾ ਪ੍ਰਗਟਾਵਾ ਕਰ ਰਹੇ ਹਨ ਫਿਰ ਵੱਡੇ ਹੋ ਕੇ ਇਹਨਾਂ ਵਿੱਚ ਇਹ ਰੁਚੀ ਕਿਉਂ ਕਾਇਮ ਨਹੀਂ ਰਹਿੰਦੀ। ਕਈ ਸਿਆਣਿਆਂ ਨਾਲ ਵਿਚਾਰ ਵਟਾਂਦਰਾ ਹੋਇਆ। ਅਸਲ ਵਿੱਚ ਅਜੋਕਾ ਵਾਤਾਵਰਣ ਕਲਾ ਵਿਹੂਣਾ ਹੈ। ਸਮਾਜ ਨੇ ਕਾਮਯਾਬੀ ਦੇ ਕੁਝ ਐਸੇ ਮਾਪਦੰਡ ਬਣਾਏ ਹੋਏ ਜਿਹਨਾਂ ਵਿੱਚ ਕਲਾ ਲਈ ਥਾਂ ਹੀ ਕੋਈ ਨਹੀਂ। ਕੋਈ ਵਧੀਆ ਗਾਇਕ ਬਣਨਾ ਚਾਹੁੰਦਾ ਹੈ ਪਰ ਉਸ ਨੂੰ ਸਹਾਇਤਾ ਮੰਗਣੀ ਪੈਂਦੀ ਹੈ ਉਹਨਾਂ ਤੋਂ ਜਿਹਨਾਂ ਨੂੰ ਸੁਰ ਦੀ ਸਮਝ ਹੀ ਕੋਈ ਨਹੀਂ। ਬਹੁਤੀਆਂ ਕੈਸਟ ਕੰਪਨੀਆਂ ਦੇ ਮਾਲਕ ਕੇਵਲ ਕਮਰਸ਼ੀਅਲ ਪੱਖ ਨੂੰ ਧਿਆਨ ਵਿੱਚ ਰੱਖ ਕੇ ਕੈਸਟਾਂ ਬਣਾਉਂਦੇ ਹਨ। ਕਲਾਕਾਰਾਂ ਦੇ ਸਮਾਗਮਾਂ ਦਾ ਉਦਘਾਟਨ ਜਿਹਨਾਂ ਕੋਲੋਂ ਕਰਵਾਇਆ ਜਾਂਦਾ ਹੈ ਜਾਂ ਜਿਹੜੇ ਸਮਾਗਮਾਂ ਦਾ ਆਯੋਜਨ ਕਰਦੇ ਹਨ ਉਹਨਾ ਦਾ ਮਨੋਰਥ ਕਲਾਕਾਰ ਨੂੰ ਉਤਸ਼ਾਹ ਦੇਣਾ ਨਹੀਂ ਹੁੰਦਾ ਸਗੋਂ ਕੁਝ ਹੋਰ ਹੁੰਦਾ ਹੈ। ਅਜਿਹੇ ਕਾਰਨਾਂ ਕਰਕੇ ਜੇ ਕੋਈ ਵਿਦਿਆਰਥੀ ਆਪਣੀ ਕਲਾ ਨੂੰ ਕਿਸੇ ਸਮੇਂ ਛੱਡ ਦੇਵੇ ਤਾਂ ਕੋਈ ਹੈਰਾਨੀ ਨਹੀਂ। ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਅਜਿਹਾ ਕਰਦਿਆਂ ਉਹਦੇ ਮਨ ਵਿਚ ਇੱਕ ਸਦੀਵੀ ਟੀਸ ਬੈਠ ਜਾਂਦੀ ਹੈ ਜਿਹੜੀ ਸਮੇਂ ਸਮੇਂ ਉਹਨੂੰ ਤੰਗ ਕਰਦੀ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਵਿਦਿਆਰਥੀ ਕਲਾਕਾਰਾਂ ਨੂੰ ਹਰ ਸਮੇਂ ਆਨੇ ਬਹਾਨੇ ਆਪਣੀ ਕਲਾ ਦਾ ਪ੍ਰਗਟਾਵਾ ਕਰਨ ਦੀ ਪ੍ਰੇਰਨਾ ਦਿੰਦੇ ਰਹੀਏ।

ਵਿਦਿਆਰਥੀ ਕਲਾਕਾਰ ਜਿਹੜੇ ਸ਼ਬਦ ਗਾਇਨ, ਵਾਰ ਗਾਇਨ, ਕਵੀਸ਼ਰੀ ਆਦਿ ਵਿਚ ਹਿੱਸਾ ਲੈਂਦੇ ਹਨ ਉਹ ਕੇਵਲ ਸਕੂਲੀ ਸਮਾਗਮਾਂ ਤਕ ਹੀ ਸੀਮਿਤ ਨਾ ਰਹਿਣ ਸਗੋਂ ਉਹ ਆਪਣੇ ਪਿੰਡ ਜਾਂ ਸ਼ਹਿਰ ਵਿੱਚ ਹੋਣ ਵਾਲੇ ਹੋਰ ਧਾਰਮਿਕ ਸਮਾਜਿਕ ਸਮਾਗਮਾਂ ਵਿਚ ਵੀ ਹਿੱਸਾ ਲੈਣ। ਇਸ ਤਰ੍ਹਾਂ ਕਰਨ ਨਾਲ ਉਹਨਾਂ ਨੂੰ ਜੀਵਨ ਦੇ ਹੋਰ ਖੇਤਰਾਂ ਵਿੱਚ ਕਾਮਯਾਬੀ ਹਾਸਲ ਕਰਨ ਲਈ ਬੜੀ ਸਹਾਇਤਾ ਮਿਲੇਗੀ। ਪਿੰਡਾਂ ਅਤੇ ਸ਼ਹਿਰ ਦੇ ਵਡੇਰਿਆਂ ਨੂੰ ਵੀ ਇਸ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਸ ਨਾਲ ਜਿਥੇ ਵਿਦਿਆਰਥੀਆਂ ਨੂੰ ਉਤਸ਼ਾਹ ਮਿਲੇਗਾ ਉਥੇ ਸਮਾਗਮਾਂ ਦੀ ਸਾਰਥਕਤਾ ਵਿੱਚ ਵੀ ਵਾਧਾ ਹੋਵੇਗਾ।

ਅਸੀਂ ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਅਜਿਹੇ ਵਿਦਿਆਰਥੀ ਕਲਾਕਾਰਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਰਹਾਂਗੇ।

# ਸੇਵਕ ਕਉ ਨਿਕਟੀ ਹੋਇ ਦਿਖਾਵੈ

ਭਗਵੰਤ ਸਿੰਘ ਦਲਾਵਰੀ
ਤਪੋਵਨ, ਅਮਰਾਵਤੀ 444 602
(ਮਹਾਰਾਸ਼ਟਰਾ)

ਅੰਮ੍ਰਿਤ ਵੇਲੇ ਗੁਰੂ ਰਾਮਦਾਸ ਸਾਹਿਬ ਦੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਦੀ ਰਹਿਮਤ ਮਾਨਣ ਲਈ ਮੈਂ ਹਰ ਰੋਜ਼ ਇਵੇਂ ਤਿਆਰ ਹੁੰਦਾ ਹਾਂ ਜਿਵੇਂ ਬੱਚਾ ਮਾਂ ਦਾ ਦੁੱਧ ਪੀਣ ਲਈ ਉਤਾਵਲਾ ਹੁੰਦਾ ਹੈ ਤੇ ਹਮੇਸ਼ਾ ਦੀ ਤਰ੍ਹਾਂ ਗੁਰੂ ਦੇ ਸ਼ਬਦ ਨੂੰ ਇੰਜ ਚਿਥ ਕੇ ਵਿਚਾਰਦਾ ਹਾਂ ਜਿਵੇਂ ਮੇਰੀ ਸਮਝ ਵਿਚ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਸਿੱਖ ਨੂੰ ਅੰਮ੍ਰਿਤ ਵੇਲੇ ਵਡਿਆਈ ਵਿਚਾਰਨ ਦੀ ਹਦਾਇਤ ਕੀਤੀ ਸੀ। ਇਸ ਦਾ ਕਮਾਲ ਇਹ ਹੈ ਕਿ ਹਰ ਰੋਜ਼ ਹੀ ਨਵੇਂ ਤੋਂ ਨਵੇਂ ਅਨੁਭਵ ਤੇ ਨਵੀਂ ਤੋਂ ਨਵੀਂ ਰਹਿਮਤ ਉਪਜਦੀ ਹੈ। ਅੱਜ ਜਦੋਂ ਸ਼ਬਦ ਪੜ੍ਹਿਆ ਗਿਆ

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*

(ਪੰਨਾ 403)

ਤਾਂ ਮੇਰਾ ਧਿਆਨ ਗੁਰੂ ਦੇ ਚਰਨਾਂ ਵਿਚ ਜਮ ਗਇਆ ਲਫਜ਼ 'ਅਪਣੇ' ਤੇ ਕੀ ਮੈਂ ਓਹਦਾ 'ਆਪਣਾ ਸੇਵਕ' ਅਖਵਾ ਸਕਦਾ ਹਾਂ? ਤੇ ਜੇ ਅਖਵਾ ਸਕਦਾ ਹਾਂ ਤਾਂ ਕਿਸ ਤਰ੍ਹਾਂ? ਫਿਰ ਕੀ ਮੈਨੂੰ ਆਪੇ ਨਾਮ ਜਪਾਂਦਾ ਹੈ? ਪਰ ਇਸ ਤੋਂ ਵੀ ਪਹਿਲਾਂ ਮੈਂ ਸੋਚਣ ਲੱਗਾ ਕਿ ਜੇ ਅਸੀਂ ਕੇਵਲ ਕੀਰਤਨ ਦਰਬਾਰਾਂ ਵਿਚ ਕੀਰਤਨ ਸੁਣਦੇ ਹਾਂ ਜਾਂ ਸੁਰਾਂ ਵਲ ਧਿਆਨ ਦੇਂਦੇ ਹਾਂ, ਜਾਂ ਬਾਣੀ ਦਾ ਰਾਗ ਤਕਦੇ ਹਾਂ ਤਾਂ ਅਸੀਂ ਪ੍ਰਭੂ ਦੇ 'ਆਪਣੇ ਸੇਵਕ' ਕਿਵੇਂ ਬਣਾਂਗੇ? ਪਰ ਮੈਨੂੰ ਬਹੁਤਾ ਸੋਚਣਾ ਨਹੀਂ ਪਿਆ ਕਿਉਂਕਿ ਮੈਨੂੰ ਤਾਂ ਵਾਹਿਗੁਰੂ ਦੀ 2 ਵਜੇ ਸਵੇਰੇ 10 ਤੇ 11 ਅਕਤੂਬਰ 1970 ਦੀ ਰਾਤ ਨੂੰ ਬੰਗਲਾ ਸਾਹਿਬ, ਨਵੀਂ ਦਿੱਲੀ ਵਿਚ ਹੋਈ ਰਹਿਮਤ ਯਾਦ ਰਹਿੰਦੀ ਹੈ ਜਦ ਇਕ ਤੁਕ ਰਾਹੀਂ ਉਸਨੇ ਮੇਰੇ ਸਾਰੇ ਦੁਖ ਕੱਟ ਦਿੱਤੇ ਸਨ-

*ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨ ਵੇਛੋੜਿ॥*

(ਪੰਨਾ 1094)

ਭਾਵੇਂ ਮੈਂ ਅਤਿਅੰਤ ਗੁਨਾਹਗਾਰ ਹਾਂ ਤੇ ਉਹਦਾ ਆਪਣਾ ਸੇਵਕ ਕਹਿਲਾਣ ਦੇ ਕਾਬਲ ਨਹੀਂ, ਉਸ ਇਕੋ ਨਿਮਖ ਵਿਚ ਮੇਰਾ 'ਸਭ ਦੁੱਖ ਕੱਟਿਆ' ਪ੍ਰਤੱਖ ਦਿਖਾਇਆ ਸੀ। ਜਦ ਮੈਂ ਹੈਰਾਨੀ ਨਾਲ ਸੋਚਿਆ ਸੀ, ਮੇਰਾ ਮਿਤ੍ਰ ਤੂੰ ਕਿਉਂ ਬਣੇਗਾ ਜਦ ਮੇਰੇ ਵਿਚ ਕੋਈ ਗੁਣ ਨਹੀਂ, ਤਾਂ ਉਸ ਅੰਦਰ ਹੀ ਕਿਹਾ ਸੀ, 'ਮੂਰਖਾ, ਤੂੰ ਸੁਣਿਆ ਨਹੀਂ-

*ਹਰਿ ਜੀਉ ਤੇ ਸਭੈ ਸਰੈ॥* (ਪੰਨਾ 1106)

ਤੇ

*ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥*

(ਪੰਨਾ 1106)

ਸੋ ਦ੍ਰਿੜਤਾ ਨਾਲ ਦਿਲ ਕੀਤਾ ਕਿ ਭਾਵੇਂ ਗੁਣਹੀਨ ਹਾਂ ਵਾਹਿਗੁਰੂ ਦਾ 'ਆਪਣਾ' ਸੇਵਕ ਬਣ ਜਾਵਾਂ ਤਾਂ ਜੋ ਨਾਲੇ ਮੇਰੀ ਲਾਜ ਰਖੇ ਤੇ ਨਾਲ ਨਾਮ ਜਪਾਉਂਦਾ ਰਹੇ। ਹੋਰ ਵਡਿਆਈਆਂ ਨੋਟ ਕੀਤੀਆਂ। ਆਪਣੇ ਸੇਵਕਾਂ ਨੂੰ ਨੇੜੇ ਹੋ ਕੇ ਆਪਣਾ ਆਪ ਦਿਖਾ ਦੇਂਦਾ ਹੈ, ਬਾਹਰੋਂ ਨਹੀਂ ਅੰਦਰੋਂ ਹੀ-

ਜਿੱਥੇ ਵੀ ਮੇਰਾ ਕੰਮ ਕਦੇ ਰੁਕਿਆ ਹੋਵੇ ਵਾਹਿਗੁਰੂ ਦੀ ਕਿਰਪਾ ਨਾਲ ਕੋਈ ਐਸਾ ਬੰਦਾ ਜਿਸਦੀ ਉਥੇ ਹੋਣ ਦੀ ਉਮੀਦ ਹੀ ਨਾ ਹੋਵੇ, ਮਿਲ ਜਾਂਦਾ ਹੈ ਤੇ ਝਟ ਹੀ ਕੰਮ ਕਰ ਦੇਂਦਾ ਹੈ। ਅਜੇ ਕਲ੍ਹ ਦੀ ਗੱਲ ਹੈ, ਟੈਲੀਫੋਨ ਖਰਾਬ ਹੋ ਗਿਆ, ਬਾਹਰਲੇ ਸ਼ਹਿਰੋਂ ਕੋਈ ਫੋਨ ਕਰੇ, ਮੇਰੇ ਘੰਟੀ ਨਾ ਵਜੇ ਪਰ, ਮੇਰੀ ਡਾਇਲ ਟੋਨ ਠੀਕ ਸੀ। ਕੰਪਿਊਟਰ ਤੇ ਸ਼ਿਕਾਇਤ ਨੋਟ ਕਰਾਈ। ਉਥੇ ਇਹ ਤਾਂ ਪੁੱਛਦੇ ਨਹੀਂ ਕਿ ਕੀ ਨੁਕਸ ਹੈ ਤੇ ਕਿਉਂਕਿ ਡਾਇਲ ਟੋਨ ਹੈ ਸੀ, ਮੈਂ ਸੋਚਿਆ ਕਿਵੇਂ ਉਹ ਜਾਨਣਗੇ ਕੀ ਮੁਸ਼ਕਲ ਹੈ। ਕਿਸੇ ਨੂੰ ਪੁੱਛਿਆ, ਉਨ੍ਹਾਂ ਕਿਹਾ, ਮਾਟੇ ਸਾਹਿਬ ਨੂੰ ਮਿਲਣਾ। ਹੈਰਾਨੀ ਹੋਈ ਜਦ ਮਾਟੇ ਸਾਹਿਬ ਨੂੰ ਮਿਲਣ ਗਿਆ ਉਹ ਮੇਰੇ ਚੰਗੇ ਵਾਕਫ ਸਨ ਪਰ ਮੈਂ ਉਨ੍ਹਾਂ ਦਾ ਨਾਂ ਨਹੀਂ ਸੀ ਜਾਣਦਾ। ਕੰਮ ਹੋ ਗਿਆ, ਮੈਨੂੰ ਤਾਂ ਇੰਜ ਹੀ ਲੱਗਾ- ਸਾਹਿਬਾ ਨੇ ਨੇੜੇ ਹੋ ਕੇ ਆਪਣੀ ਹਜ਼ੂਰੀ ਦੱਸੀ ਹੈ ਤੇ ਪ੍ਰਤੱਖ ਦਿਖਾਇਆ ਹੈ ਕਿ ਜਿੱਥੇ ਜਿੱਥੇ ਸੇਵਕ ਦਾ ਕੰਮ ਹੁੰਦਾ ਹੈ ਉਥੇ ਪਹੁੰਚ ਜਾਂਦੇ ਹਨ। ਮਾਟੇ ਸਾਹਿਬ ਵਿਚ ਵੀ ਤਾਂ ਉਹੀ ਹਨ।

ਫਿਰ ਸਾਹਿਬ ਕਹਿੰਦੇ ਹਨ ਜੋ ਜੋ ਸੇਵਕ ਠਾਕੁਰ ਨੂੰ ਕਹਵੇ ਉਹ ਤਤਕਾਲ ਹੋ ਜਾਂਦਾ ਹੈ, ਲਗਦਾ ਹੈ ਠਾਕੁਰ ਸਾਹਿਬ ਨੂੰ ਕੁਝ ਕਰਨ ਲਈ ਕਿਹਾ ਹੋਵੇ ਤੇ ਇਹ ਵੀ ਯਾਦ ਨਹੀਂ ਕਿ ਕਦੇ ਵੀ ਮੇਰਾ ਕੋਈ ਕੰਮ ਨਾ ਹੋਇਆ ਹੋਵੇ ਆਪਣੇ ਆਪ। ਲਗਦਾ ਹੈ ਜਦ ਸਮਰੱਥ ਮਾਲਕ ਗੁਲਾਮ ਬਣਾ ਲਵੇ ਤਾਂ ਮਿਹਰਬਾਨ ਮਾਲਕ ਨੂੰ ਕਹਿਣ ਦੀ ਲੋੜ ਹੀ ਨਹੀਂ ਪੈਂਦੀ। ਸੇਵਕ ਦੇ ਦਿਲ ਦੀ ਗੱਲ ਆਪੇ ਹੀ ਅੰਤਰਜਾਮੀ ਹੋਣ ਕਰਕੇ ਜਾਣ ਲੈਂਦਾ ਹੈ ਤੇ ਕਰ ਦੇਂਦਾ ਹੈ,

ਉਹ ਵੀ ਤਤਕਾਲ। ਮੇਰਾ ਅਜੇ ਵੀ ਸਵਾਲ ਇਹ ਹੈ ਕਿ ਸੇਵਕ ਕਿਵੇਂ ਬਣਿਆ ਜਾਵੇ ਤੇ ਕਿਵੇਂ ਸਾਹਿਬ ਸੇਵਕ ਨੂੰ ਆਪਣਾ ਸੇਵਕ ਕਬੂਲ ਕਰ ਲਵੇ। ਸਾਹਿਬ ਤਾਂ ਹੋਰ ਬਖ਼ਸ਼ਸ਼ਾਂ ਕਰਦੇ ਹਨ ਕਿ ਜਿਸਨੂੰ ਆਪਣਾ ਸੇਵਕ ਕਬੂਲ ਕਰ ਲਵੇ ਸਭ ਕੁਝ ਉਸ ਤੋਂ ਸਦਕੇ ਜਾਂਦੇ ਹਨ। ਉਸਦੀ ਸੋਅ ਵੀ ਕੰਨੀ ਪੈ ਜਾਵੇ ਤਾਂ ਮਨ ਖਿੜ ਜਾਂਦਾ ਹੈ ਤੇ ਸਭ ਦਰਸ਼ਨ ਕਰਨਾ ਚਾਹੁੰਦੇ ਹਨ।

ਉਦਾਸ ਹੋ ਗਿਆ, ਮੇਰੇ ਵਿਚ ਤਾਂ ਉਹ ਗੁਣ ਕਦੇ ਵੀ ਨਹੀਂ ਆ ਸਕਦੇ ਜਿਨ੍ਹਾਂ ਕਰਕੇ ਸਾਹਿਬ ਮੈਨੂੰ ਆਪਣਾ ਸੇਵਕ ਕਬੂਲ ਕਰ ਲੈਣ। ਅਰਦਾਸਾਂ ਕਰਨ ਲੱਗਾ ਤੇ ਮਿਨਤਾਂ ਜੋਦੜੀਆਂ ਨਾਲ ਕਹਿਣ ਲੱਗਾ। ਆਪ ਹੀ ਮੇਰੀ ਲਾਜ ਰੱਖੋ। ਗੁਰੂ ਸਾਹਿਬ ਨੇ ਆਪ ਤਰੀਕਾ ਦੱਸਿਆ, ਅਗਲਾ ਸ਼ਬਦ ਆਇਆ:

*ਪ੍ਰਭੁ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥*
*ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥*
*ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ॥*
*ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ॥*
*ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ॥*
(ਪੰਨਾ 517)

ਹੁਣ ਸਮਝ ਆ ਗਈ ਕਿ ਪਹਿਲਾਂ ਸਚਾ ਸਾਈਂ ਪ੍ਰਭੂ ਨੂੰ ਤੇ ਕੇਵਲ ਪ੍ਰਭੂ ਨੂੰ ਮੰਨਣਾ ਹੈ ਤੇ ਅਰਦਾਸ ਕਰਨੀ ਹੈ, ਉਸਨੂੰ ਆਪਣਾ ਰਖਵਾਲਾ ਮੰਨ ਕੇ ਸਦਾ ਸਦਾ ਉਸਨੂੰ ਯਾਦ ਕਰਨਾ ਹੈ, ਯਾਦ ਕਰਨ ਦੀ ਹੀ ਮੰਗ ਕਰਨੀ ਹੈ। (ਹੋਰ ਕਦੇ ਕੁਝ ਨਹੀਂ ਮੰਗਣਾ), ਹਰ ਇਕ ਬੰਦੇ ਵਿਚ ਪ੍ਰਭੂ ਨੂੰ ਹੀ ਦੇਖਣਾ ਤੇ ਉਸਨੂੰ ਸਭ ਥਾਂ ਸਮਾਇਆ ਜਾਣਨਾ ਹੈ ਤੇ ਯਕੀਨ ਕਰਨਾ ਹੈ ਕਿ ਉਹਦੀ ਨੌਕਰੀ ਵਿਚ ਕਦੇ ਕੋਈ ਨਿੰਦਾ ਕਰ ਸਕਦਾ ਹੈ ਤੇ ਨਾ ਚਿੰਤਾ ਹੋ ਸਕਦੀ ਹੈ। ਪਰ ਸਿੱਖ ਕੀ ਕਰੇ ਕਿ ਇਹੋ ਜਿਹੀ ਹਾਲਤ ਬਣੀ ਜਾਏ। ਗੁਰੂ ਰਾਮਦਾਸ ਜੀ ਸਮਝਾਣ ਆ ਗਏ,

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥*
*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥*
(ਪੰਨਾ 1421)

1) ਹਰ ਵੇਲੇ ਪ੍ਰਭੂ ਨਾਲ ਸੁਰਤ ਜੋੜ ਕੇ ਇੰਤਜਾਰ ਕਰਨਾ ਹੈ ਤੇ ਪ੍ਰਭੂ ਦੇ ਘਰ ਆਣ ਲਈ ਰਾਹ ਤੇ ਟਿਕ ਟਿਕੀ ਬੰਨੀ ਰੱਖਣੀ ਹੈ ਅੰਦਰੋਂ ਅੰਦਰ (ਆਉਣਾ ਉਸ ਅੰਦਰ ਹੀ ਹੈ- ਨਿਕਟੀ ਵੀ ਅੰਦਰੋਂ ਹੀ ਦਿਖਾਵਾ ਹੈ ਆਪਣਾ ਆਪ' ਖਿਆਲ ਕਰਦੇ ਰਹਿਣਾ ਹੈ, ਮਤੇ ਹੁਣ ਹੀ ਆ ਜਾਏ।

2) ਗੁਰੂ ਦੀ ਸਤਿਸੰਗਤ ਜਾਂ ਗੁਰਸਿੱਖਾਂ ਦੀ ਸੰਗਤ ਮੰਗਦੇ ਰਹਿਣਾ ਹੈ- ਕੋਈ ਮਿਲਾ ਦੇਵੇ ਮੇਰੀ ਤੜਪ ਦੇਖ ਕੇ।

3) ਮੈਂ ਮਿਲਾਣ ਵਾਲੇ (ਤੇ ਉਹ ਮਿਲਾਣ ਵਾਲਾ ਗੁਰੂ ਹੀ ਹੋਵੇਗਾ) ਤੋਂ ਆਪਣੇ ਟੁਕੜੇ ਟੁਕੜੇ ਕਰਕੇ ਸਦਕੇ ਜਾਵਾਂ ਕਿਉਂਕਿ ਜਿਹੜਾ ਪਿਰ ਦਿਖਾ ਕੇ ਮੰਗ ਸਮਾਧਾਨ ਕਰਦਾ ਹੈ ਉਹ ਅਤਿ ਪਿਆਰਾ ਲਗਦਾ ਹੈ ਤੇ ਉਹ ਹੀ 'ਆਪਣਾ ਸੇਵਕ' ਦਾ ਸਰਟੀਫਿਕੇਟ ਲੈ ਕੇ ਦੇਂਦਾ ਹੈ ਪ੍ਰਭੂ ਕੋਲੋਂ।

4) ਸਚਮੁਚ ਜਦ ਪ੍ਰਭੂ ਦਿਆਲ ਹੁੰਦਾ ਹੈ ਤਾਂ ਪਹਿਲਾਂ ਪੂਰਾ ਗੁਰੂ ਮਿਲਾਉਂਦਾ ਹੈ ਤੇ ਉਹੀ ਗੁਰੂ ਪ੍ਰਭੂ ਦਾ ਸੇਵਕ ਬਣਾ ਦੇਂਦਾ ਹੈ।

ਜਿਵੇਂ ਕਿ ਕੋਈ ਕਸਰ ਨਾ ਰਹਿ ਜਾਏ, ਸਾਹਿਬਾਂ ਨੇ ਗੁਰੂ ਅਰਜਨ ਦੇਵ ਜੀ ਦੇ ਹੇਠਲੇ ਸ਼ਬਦ ਰਾਹੀਂ-

*ਭਾਗਠੜੇ ਹਰਿ ਸੰਤ ਤੁਮਾਰੇ...॥* (ਪੰਨਾ 748)

1) ਵਾਹਿਗੁਰੂ ਤੇ ਗੁਰੂ ਤੋਂ ਇਸ ਤਰ੍ਹਾਂ ਸਦਕੇ ਜਾਣਾ ਪਏਗਾ ਕਿ ਕੇਸਾਂ ਦਾ ਚੌਰ ਬਣਾ ਕੇ, ਚਰਣ ਧੂੜ ਮੁਖ ਤੇ ਲਾ ਕੇ ਸੇਵਾ ਕਰਨੀ ਪਵੇਗੀ।

2) ਜਿਨ੍ਹਾਂ ਕੋਲ ਹਰੀਨਾਮ ਦਾ ਧਨ ਹੈ ਉਹ ਕਿਸਮਤ ਵਾਲੇ ਹਨ ਤੇ ਉਹੀ ਪਰਵਾਨ ਸੰਤ ਹਨ ਤੇ ਉਨ੍ਹਾਂ ਦੇ ਹੀ ਕੰਮ ਸਫਲ ਹਨ। ਐਸੇ ਸੰਤਾਂ ਦੀ ਸੇਵਾ ਵਿਚ ਰਹਿਣਾ ਪਵੇਗਾ। (ਗੁਰੂ ਹੀ ਹੋ ਸਕਦਾ ਹੈ ਇਹੋ ਜਿਹਾ ਸੰਤ)।

3) ਗੁਰੂ ਜਨਮ ਮਰਨ ਤੋਂ ਰਹਿਤ ਹੁੰਦੇ ਹਨ ਤੇ ਕੇਵਲ ਪਰੋਪਕਾਰ ਲਈ ਜਨਮ ਲੈਂਦੇ ਹਨ ਤੇ ਉਨ੍ਹਾਂ ਦਾ ਕੰਮ ਲੋਕਾਂ ਨੂੰ ਭਗਤੀ ਵਿਚ ਲਾਉਣਾ ਤੇ ਪ੍ਰਭੂ ਨਾਲ ਮਿਲਾਉਣਾ ਹੁੰਦਾ ਹੈ। ਅਸੀਂ ਉਨ੍ਹਾਂ ਗੁਰੂ ਜਨਾਂ, ਭਗਤ ਜਨਾਂ (ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਬਿਰਾਜਮਾਨ) ਅਗੇ ਆਪਣਾ ਆਪ ਮਿਟਾ ਦੇਈਏ।

4) ਇਹੋ ਜਿਹੇ ਮਹਾਨ ਲੋਕਾਂ ਲਈ ਪਾਣੀ ਦੀ ਸੇਵਾ, ਆਟਾ ਪੀਸਣ ਦੀ ਸੇਵਾ, ਜਾਂ ਹੋਰ ਕੋਈ ਸੇਵਾ ਐਸੀ ਕਿ ਪ੍ਰਭੂ ਨੂੰ ਰਿਝਾ ਲਈਏ ਤੇ ਨਾਲ ਮਿੰਨਤਾਂ ਕਰਦੇ ਰਹੀਏ, ਪ੍ਰਭੂ ਐਸੇ ਮਹਾਂਪੁਰਸ਼ਾਂ ਦੇ ਦਰਸ਼ਨ ਹੁੰਦੇ ਰਹਿਣ। ਕੀ ਫਿਰ ਅਸੀਂ ਪ੍ਰਭੂ ਨੂੰ ਨਿਕਟ ਦੇਖ ਪਾਵਾਂਗੇ?

ਮੇਰਾ ਮਨ ਕਹਿੰਦਾ ਹੈ ਜ਼ਰੂਰ ਦੇਖ ਪਾਵਾਂਗੇ। ਕਿਸ ਤਰ੍ਹਾਂ? ਮੈਂ ਆਪਣੇ ਅਨੁਭਵ ਦੱਸਣਾ ਹਾਂ।

1. ਗੁਰੂ ਕਹਿੰਦਾ-

*ਕੋਟਿ ਪਰਾਧ ਮਿਟੇ ਖਿਨ ਭੀਤਰਿ*
*ਜਾਂ ਗੁਰਮੁਖਿ ਨਾਮੁ ਸਮਾਰੇ॥* (ਪੰਨਾ 670)

ਮੈਂ ਆਪ ਜਾਣਦਾ ਹਾਂ ਕਿ ਮੈਂ ਬੇਅੰਤ ਅਉਗਣਾਂ ਦਾ ਭਰਿਆ ਹੋਇਆ ਹਾਂ, ਸ਼ਾਇਦ ਮੇਰੇ ਤੋਂ ਵੱਡਾ ਪਾਪੀ ਹੋਰ ਕੋਈ ਨਾ ਹੋਵੇ ਪਰ ਮੇਰੇ ਕੋਲੋਂ ਪ੍ਰਭੂ ਨੇ ਕਈ ਲੇਖ ਲਿਖਾਏ, ਕਈ ਲੈਕਚਰ ਕਰਾਏ, ਕਈ ਥਾਵਾਂ ਤੇ ਸਨਮਾਨ ਦਿਵਾਏ,

ਮੈਂ ਸ਼ਰਮ ਨਾਲ ਸੋਚਦਾ ਰਹਿੰਦਾ ਹਾਂ-

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰੂ ਸਤਿਗੁਰ ਸੰਗਿ ਕੀਰੇ ਹਮ ਥਾਪੇ॥* (ਪੰਨਾ 167)

2. ਗੁਰੂ ਕਹਿੰਦਾ ਹੈ-

*ਪਰਬਤ ਦੋਖ ਮਹਾ ਬਿਕਰਾਲਾ ਖਿਨ*
*ਮਹਿ ਦੂਰਿ ਕੀਏ ਦਇਆਲਾ॥* (ਪੰਨਾ 724)

ਮੈਂ ਸਚਮੁਚ ਘੋਰ ਅਪਰਾਧੀ ਹਾਂ ਤੇ ਮੇਰੇ ਗੁਨਾਹ ਨਾਕਾਬਲੇ ਮਾਫੀ ਹਨ ਪਰ ਇਸ ਤੁਕ ਤੋਂ ਪਰਗਟ ਹੁੰਦਾ ਹੈ ਕਿ ਉਸ ਆਪਣੇ ਆਪਨੂੰ ਮੈਨੂੰ 'ਨਿਕਟੀ ਹੋਇ ਦਿਖਾਵੈ' ਦੀ ਅਨੁਭਵ ਕਰਵਾਇਆ ਹੈ।

3. *ਨਾਨਕ ਚਰਨ ਗਹੇ ਪ੍ਰਭ ਅਪਨੇ*
*ਸੁਖੁ ਪਾਇਓ ਦਿਨ ਰਾਤਿ॥* (ਪੰਨਾ 681)

ਅੰਦਰ ਦਾ ਸੁਖ ਤੇ ਅੰਦਰ ਦੀ ਸ਼ਾਂਤੀ ਕੇਵਲ ਪ੍ਰਭੂ ਦੀ ਹਜ਼ੂਰੀ ਦੇ ਸਕਦੀ ਹੈ ਤੇ ਜਿਹੜੇ ਪ੍ਰਭੂ ਤੋਂ ਦੂਰ ਉਹ ਇਹ ਨਹੀਂ ਮਾਣ ਸਕਦੇ। ਪ੍ਰਭੂ ਦੇ ਚਰਨਾਂ ਵਿਚ ਪ੍ਰਭੂ ਦੀ ਹਜ਼ੂਰੀ ਹੈ ਤੇ ਦਿਨ ਰਾਤ ਸੁਖ ਦੇਂਦੀ ਹੈ। ਨਿਕਟੀ ਹੋ ਕੇ ਦਿਖਾਉਂਦਾ ਹੈ ਪ੍ਰਭੂ ਆਪਣੀ ਹਜ਼ੂਰੀ।

4. *ਜਾ ਤੂ ਮੇਰੈ ਵਲਿ ਹੈ ਤਾਂ ਕਿਆ ਮੁਹਛੰਦਾ॥*
(ਪੰਨਾ 681)

Indeed ਕਦੇ ਕੋਈ ਘਾਟ, ਕੋਈ ਬੇਚੈਨੀ, ਕਦੇ ਅਸੰਤੁਸ਼ਟਤਾ ਨਹੀਂ ਲਗਦੀ। ਇਹੋ ਨਿਸ਼ਾਨੀ ਹੋਣੀ ਹੈ ਪ੍ਰਭੂ ਦੀ ਨੇੜਤਾ ਦੀ।

5. *ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥*
(ਪੰਨਾ 958)

ਮਹਿਸੂਸ ਹੁੰਦਾ ਹੈ ਕਿ ਨਾਮੁ ਤੋਂ ਬਿਨਾਂ ਜੋ ਕੁਝ ਵੀ ਮੰਗਾਂਗੇ, ਦੁਖ ਹੀ ਦੁਖ ਹੋਏਗਾ, ਪ੍ਰਭੂ ਦੀ ਹਜ਼ੂਰੀ ਦੀਆਂ ਲਿਸ਼ਕਾਂ।

- ਅੰਦਰੋਂ ਮਹਿਸੂਸ ਹੋਵੇ ਕਿ ਮੈਂ ਅਕਿਰਤਘਣ ਹਾਂ ਤੇ ਪ੍ਰਭੂ ਅਕਿਰਤਘਣਾਂ ਨੂੰ ਵੀ ਪਾਲਦਾ ਹੈ।

- ਅੰਦਰੋਂ ਪਤਾ ਲੱਗੇ ਕਿ ਮੈਂ ਅਉਗਣਹਾਰਾ ਹਾਂ ਪਰ ਕਿਉਂਕਿ ਪ੍ਰਭੂ ਅਉਗਣ ਨਹੀਂ ਚਿਤਾਰਦੇ ਇਸੇ ਲਈ ਪਿਆਰ ਕਰਦੇ ਹਨ।

- ਅੰਦਰੋਂ ਪਤਾ ਲਗੇ, *ਮੈਂ ਤੁਝ ਬਿਨੁ ਬੇਲੀ ਕੋ ਨਹੀਂ ਤੂ ਅੰਤਿ ਸਖਾਈ॥* (ਪੰਨਾ 792)

- ਅੰਦਰੋਂ ਪਤਾ ਲਗੇ, *ਸੋਈ ਕਰਾਇ ਜੋ ਤਿਧੁ ਭਾਵੈ॥ ਮੋਹਿ ਸਿਆਣਪ ਕਛੂ ਨ ਆਵੈ॥* (ਪੰਨਾ 626)

- ਅੰਦਰੋਂ ਪਤਾ ਲਗੇ, *ਪ੍ਰਭੁ ਸਿਉਂ ਲਾਗਿ ਰਹਿਓ ਮੇਰਾ ਚੀਤੁ॥ ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥*
(ਪੰਨਾ 682)

ਫਿਰ ਦੇਖ ਸਕਾਂਗੇ, ਨਾ ਵਛੋੜਿਆ ਵਿਛੁੜੇ॥

# ਸੰਤ ਬਾਬਾ ਸੁੱਚਾ ਸਿੰਘ ਜੀ

(ਸੰ) ਸੰਜਮ ਸੁਚਮ ਸਹਿਜ ਦਾ ਜੀਵਨ।
ਨਾਮ ਮਹਾਂਰਸ ਹਰਦਮ ਪੀਵਨ॥
ਸੰਚਨ ਰਾਮ ਨਾਮ ਧਨ ਕੀਤਾ।
ਮਨ ਤਨ ਗੁਰਚਰਣਾਂ ਸੰਗ ਸੀਤਾ॥
ਸੰਗਤ ਕਰਕੇ ਸਤਿਗੁਰ ਕੇਰੀ।
ਚਕਨਾ ਚੂਰ ਕਰੀ ਮੈਂ ਮੇਰੀ॥
ਸੰਗਤ ਨੂੰ ਗੁਰ ਗਿਆਨ ਦ੍ਰਿੜਾਂਦੇ।
ਸਭ ਨੂੰ ਗੁਰਚਰਣਾਂ ਸੰਗ ਲਾਂਦੇ॥
(ਤ) ਤਪਤ ਬੁਝ ਗਈ ਕਰੀ ਤਪੱਸਿਆ।
ਚਾਨਣ ਹੋ ਗਿਆ ਛੁਪ ਗਈ ਮੱਸਿਆ॥
ਤਜਿਆ ਕਾਮ ਕ੍ਰੋਧ ਅਭਿਮਾਨ।
ਸਗਲ ਗੁਣਾ ਦੀ ਹੈਸਨ ਖਾਨ॥
ਤੱਤ ਗੁਰਮਤਿ ਤੇ ਪਹਿਰਾ ਦੇਂਦੇ।
ਕਥਹੁ ਦੇ ਕੇ ਭਲਾ ਮਨੇਂਦੇ॥
ਤਮਾ ਸਦਾ ਸੀ-ਨਾਮ ਜਪਣ ਦੀ।
ਹੋਰਸ ਕੰਮੀਂ ਨਹੀਂ ਖਪਣ ਦੀ॥
(ਬਾ) ਬਾਲਕ ਵਾਂਗੂੰ ਨਿਰਛਲ ਪੂਰੇ।
ਗੁਰਮਤਿ ਰਹਿਣੀ ਦੇ ਵਿਚ ਪੂਰੇ॥
ਬਾਗੋ ਬਾਗ ਹੋਇ ਕੇ ਮਿਲਦੇ।
ਮਹਿਰਮ ਬਣ ਜਾਂਦੇ ਹਰ ਦਿਲ ਦੇ॥
ਬਾਰ ਬਾਰ ਗੁਰਚਰਣ ਧਿਆਉਂਦੇ।
ਸਭ ਨੂੰ ਗੁਰ ਸੇਵਾ ਵਲ ਲਾਉਂਦੇ॥
ਬਾਤ ਅਗੰਮ ਦੀ ਜਦੋਂ ਸੁਨਾਵਣ।
ਸਭ ਦੇ ਠੰਡ ਕਲੇਜੇ ਪਾਵਣ॥
(ਬਾ) ਬਾਣੀ ਦੇ ਸੰਗ ਨੇਹੁ ਘਣੇਰਾ।
ਰੈਣ ਦਿਨਸ ਤੇ ਸਾਂਝ ਸਵੇਰਾ॥
ਬਾਣੀ ਸੁਣ ਹੁੰਦੇ ਵਿਸਮਾਦ।
ਵਿਚਰਨ ਵਿਚ ਅਗੰਮੀ ਯਾਦ॥
ਬਾਬਲ ਉਹਦਾ ਸਿੰਘ ਨਗੀਨਾ।
ਮਾਤਾ ਧੰਨ ਕੌਰ ਪ੍ਰਬੀਨਾ॥
ਬਾਤ ਬਾਤ ਤੇ ਮਿੱਠਾ ਬੋਲਣ।
ਅਉਗਣ ਨਹੀਂ ਕਿਸੇ ਦੇ ਫੋਲਣ॥
(ਸੁੱ) ਸੁਬਹ ਸਵੇਰੇ ਕਰਨ ਧਿਆਨ।
ਗੁਣ ਅਬਿਨਾਸ਼ੀ ਪ੍ਰਭ ਦੇ ਗਾਣ॥
ਸੁਖ ਦੁਖ ਦੇ ਵਿਚ ਰਹੇ ਅਡੋਲ।
ਸ਼ਿਕਵਾ ਮੂਲ ਨਹੀ ਸੀ ਕੋਲ॥

'ਸੁਖ ਦੁਖ' ਮੰਨਿਆ ਪ੍ਰਭ ਦਾ ਭਾਣਾ।
ਰਿਦੇ ਗਰੀਬੀ ਬਾਹਰੋਂ ਰਾਣਾ॥
ਸੁਭਰ ਭਰਾ ਸ਼ਬਦ ਦਾ ਸੁਰਤਾ।
ਸ਼ਬਦ ਸੰਗ ਹਰ ਵੇਲੇ ਜੁਰਤਾ॥
(ਚਾ) ਚਾਕਰ ਗੁਰੂ ਗ੍ਰੰਥ ਦਾ ਭਾਰਾ।
ਗੁਰੂ ਗਿਆਨ ਦਾ ਅਜਬ ਭੰਡਾਰਾ॥
ਚਾਉ ਭਜਨ ਕਰਨ ਦਾ ਰਹਿੰਦੈ।
ਨਾਂ ਥਕਦੈ ਨਾਂ ਅਕ ਕੇ ਬਹਿੰਦੇ॥
ਚਾਹਨਾ ਹਰ ਦਮ ਪ੍ਰਭੂ ਦਰਸ ਦੀ।
ਤਾਂਹੀਓ ਸੀ ਗੁਰ ਮਿਹਰ ਵਰਸਦੀ॥
ਚਾਰ ਅਚਾਰ, ਬਚਨ ਕੇ ਸੂਰੇ।
ਤਾਂ ਤੇ ਮਨ ਤੇ ਮਿਟੇ ਵਿਸੂਰੇ॥
(ਸਿੰ) ਸਿਮ੍ਰਤੀ ਦੇ ਸਨ ਬੜੇ ਵਿਸ਼ਾਲ।
ਹਸਮੁਖ ਚਿਹਰਾ ਸਦਾ ਦਇਆਲ॥
ਸਿੰਚੀ ਕਾਇਆ ਅੰਮ੍ਰਿਤ ਸੇਤੀ।
ਹਰੀ ਭਰੀ ਇਉਂ ਕੀਤੀ ਖੇਤੀ॥
ਸਿੰਘ ਗੁਰਾਂ ਦਾ ਸੁਘੜ ਸੁਜਾਣ।
ਸੰਤਾਂ ਸੰਗਤ ਪਾਇਆ ਮਾਣ॥
ਸਿੰਘ ਬਣ ਕੀਤੀ ਘਾਲ ਕਮਾਈ।
ਕਹਿ ਨਾਂ ਸਕਾਂ ਪੂਰਨ ਵਡਿਆਈ॥
(ਘ) ਘਟ ਮਹਿ ਅਨਹਦ ਨਾਦ ਵਜਾਂਦੇ।
ਸੁਰਤਿ ਸ਼ਬਦ ਦੇ ਨਾਲ ਮਿਲਾਂਦੇ॥
ਘਟਿਆ ਜਦੋਂ ਸੀ ਰਾਗ 'ਚ ਗਾਉਣਾ।
ਤਰਜ਼ਾਂ ਵਿਚ ਗੁਰਬਾਣੀ ਗਾਉਣਾ॥
ਘਰ ਘਰ ਗੁਰ ਉਪਦੇਸ਼ ਪਹੁੰਚਾਇਆ।
ਨਿਰਧਾਰਿਤ ਰਾਗਾਂ ਵਲ ਲਾਇਆ॥
ਘਾਲ ਉਨ੍ਹਾਂ ਦੀ ਜੇ ਸੁਫਲਾਉਣੀ।
ਰਾਗ ਪਾਇ ਗੁਰਬਾਣੀ ਗਾਉਣੀ॥
(ਜੀ) ਜੀਵਨ ਮੋਹ ਮਮਤਾ ਤੋਂ ਉੱਚਾ।
ਸਿੰਘ ਸੁਜਾਨ ਗੁਰੂ ਦਾ 'ਸੁੱਚਾ'॥
ਜੀਵਨ ਜੀਵਿਆ ਸ਼ਹਿਦ ਤੋਂ ਮਿੱਠਾ।
ਝੂਠ ਨਹੀਂ ਮੈਂ ਅੱਖੀਂ ਡਿੱਠਾ॥
ਜੀਵਨ ਤੋਂ ਜਾਵਾਂ ਬਲਿਹਾਰੀ।
ਜ਼ਿੰਦਗੀ ਸਫਲ ਸਾਰੀ ਦੀ ਸਾਰੀ॥
ਜੀਉ ਕਰੇ, ਉਹਦੇ ਗੁਣ ਗਾਵਾਂ।
ਗਾ ਕੇ 'ਮਤਵਾਲਾ' ਹੋ ਜਾਵਾਂ॥

**ਕੁਲਦੀਪ ਸਿੰਘ ਮਤਵਾਲਾ** 2225 ਸੈਕਟਰ 44-ਸੀ, ਚੰਡੀਗੜ੍ਹ

# ਸੋ ਕਰੇ ਜਿ ਤਿਸੈ ਰਜਾਇ ॥

ਪ੍ਰੋ. ਨਰਿੰਦਰ ਸਿੰਘ
956, ਫੇਜ 3-ਬੀ,
ਮੋਹਾਲੀ

ਉੱਪਰ ਲਿਖੀ ਗੁਰਬਾਣੀ ਦੀ ਤੁਕ, ਰਾਗ ਆਸਾ ਦੀ ਵਾਰ ਦੀ ਆਖਰੀ ਤੁਕ ਹੈ। ਇਸ ਵਾਰ ਦਾ ਕੀਰਤਨ ਲਗਭਗ ਹਰ ਗੁਰਦਵਾਰੇ ਵਿਚ ਰੋਜ਼ ਹੁੰਦਾ ਹੈ। ਇਸ ਵਿਚ 60 ਸਲੋਕ ਅਤੇ 24 ਪਉੜੀਆਂ ਹਨ। ਸਲੋਕ ਤੇ ਪਉੜੀਆਂ ਦੀ ਗਿਣਤੀ ਦਾ ਕੁਲ ਜੋੜ 84 ਬਣਦਾ ਹੈ। ਬਜ਼ੁਰਗ ਦੱਸਿਆ ਕਰਦੇ ਸਨ ਕਿ ਜੇ ਜੀਵਨ ਇਸ ਬਾਣੀ ਦੇ ਸੰਦੇਸ਼ਾਂ ਅਨੁਸਾਰ ਜੀਵਿਆ ਜਾਵੇ ਤਾਂ ਜੀਵ ਦੀ 84 (84 ਲੱਖ ਜੂਨ) ਕਟੀ ਜਾਂਦੀ ਹੈ। ਸ਼ਾਇਦ ਇਸ ਕਾਰਨ ਵੀ ਗੁਰੂ ਸਿੱਖਾਂ ਨੂੰ ਇਸ ਵਾਰ ਦਾ ਕੀਰਤਨ ਹਰ ਰੋਜ਼ ਗਾਇਨ ਕਰਨ ਹਿਤ ਵਿਰਸੇ ਵਿਚ ਮਿਲਿਆ ਹੋਇਆ ਹੈ। ਇਸ ਵਾਰ ਦੇ ਨਾਲ ਜਦੋਂ ਚੌਥੀ ਪਾਤਸ਼ਾਹੀ ਦੇ ਆਸਾ ਰਾਗ ਦੇ 24 ਛੰਦ ਵੀ ਗਾਇਨ ਹੁੰਦੇ ਹਨ ਤਾਂ ਇਹ ਗੁਰ ਸਿਖਾਂ ਦੀ ਇਕ ਅਠੋਂਤਰੀ (84+24=108) ਮਨਕਿਆਂ ਵਾਲੀ ਮਾਲਾ ਦਾ ਰੂਪ ਹੀ ਧਾਰ ਲੈਂਦੀ ਹੈ।

ਹੁਣ ਇਸ ਵਾਰ ਦੇ ਵਿਰਸੇ ਦੀ ਅਗਲੀ ਗਲ ਤੋਰਦੇ ਹਾਂ। ਇਸ ਵਾਰ ਦਾ ਆਖਰੀ ਅੱਖਰ ਹੈ 'ਸੁਧੁ'ਗੁਰਬਾਣੀ ਦਾ ਸਤਿਕਾਰ ਕਰਦੇ, ਜਦੋਂ ਕੀਰਤਨੀਏ ਆਸਾ ਦੀ ਵਾਰ ਦੀ ਚੌਵੀ ਵੀਂ (ਅਖੀਰਲੀ) ਪਉੜੀ 'ਵਡੇ ਕੀਆ ਵਡਿਆਈਆਂ' ਦੀ ਪਉੜੀ ਗਾਇਨ ਕਰਦੇ ਜਾਂ ਉਚਾਰਨ ਕਰਦੇ ਹਨ ਤਾਂ ਇਸ ਪਉੜੀ ਦੀ ਸਮਾਪਤੀ ਤੇ ਅਨੁਸਾਰ 'ਸੁਧੁ' ਅੱਖਰ ਦਾ ਉਚਾਰਨ ਵੀ ਕਰਦੇ ਆ ਰਹੇ ਹਨ ਬਹੁਤੇ ਕੀਰਤਨੀਏ ਇਸ ਸ਼ਬਦਾਵਲੀ ਨੂੰ ਤਬਲੇ ਦੀ ਥਾਪ ਜਾਂ ਗੁਰ ਉਪਰ ਸਮਾਪਤ ਕਰਦੇ ਹੋਏ 'ਸੁਧੁ' ਅੱਖਰ ਨੂੰ ਸਪਸ਼ਟਤਾ ਨਾਲ ਉਚਾਰਦੇ ਆਏ ਹਨ। ਦਾਸ ਨੇ ਬਚਪਨ ਤੋਂ ਭਾ. ਸੁਧ ਸਿੰਘ ਜੀ ਪ੍ਰਧਾਨ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਜਵਾਲਾ ਸਿੰਘ ਜੀ, ਭਾਈ ਪਿਆਰਾ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਆਦਿ ਅਤੇ ਹੋਰ ਅਨੇਕਾਂ ਸੁਪ੍ਰਸਿੱਧ ਜੱਥਿਆਂ ਤੋਂ ਕੀਰਤਨ ਸੁਣਿਆ ਹੈ। ਕੋਈ ਵੀ ਇਕ ਐਸਾ ਕੀਰਤਨੀ ਜਥਾ ਧਿਆਨ ਵਿਚ ਨਹੀ ਜਿਸ ਨੇ ਵਾਰ ਦੀ ਸਮਾਪਤੀ 'ਸੁਧੁ' ਉਚਾਰਨ ਤੋਂ ਬਗੈਰ ਕੀਤੀ ਹੋਵੇ। 'ਸੁਧੁ' ਅੱਖਰ ਇਸ ਬਾਣੀ ਦੇ ਸੰਦੇਸ਼ ਦੀ ਸੁਧਤਾ ਦੀ ਛਾਪ ਹੈ। ਗੁਰਬਾਣੀ ਦੇ ਅਰਥਾਂ ਦਾ ਇਕ ਪੱਖ ਉਸ ਦੀ ਭਾਸ਼ਾ ਦੇ ਅਧਾਰ ਤੇ ਹੁੰਦਾ ਹੈ ਅਤੇ ਇਕ ਹੋਰ ਪੱਖ ਵੀ ਹੁੰਦਾ ਹੈ ਜੋ ਅਧਿਆਤਿਮਕ ਹੁੰਦਾ ਹੈ। ਅਧਿਆਤਮਕ ਪੱਖ ਵਾਲੇ ਅਰਥ ਭਾਗਾਂ ਵਾਲੇ ਸਿਦਕੀ ਨਾਮ ਅਭਿਆਸੀਆਂ ਦੀ ਝੋਲੀ ਪੈਂਦੇ ਰਹਿੰਦੇ ਹਨ। ਜੋ ਅਰਥ ਇਨਾਂ ਦੋਨਾਂ ਪੱਖਾਂ ਤੋਂ ਸਾਂਝੇ ਹਨ ਉਹ ਪਰਚਲਤ ਹੋ ਕੇ ਵਿਰਸੇ ਦੀ ਰਵਾਇਤ ਬਣ ਜਾਂਦੇ ਹਨ।

ਬਹੁਤੇ ਕੀਰਤਨੀਆਂ ਨੇ 'ਸੁਧੁ' ਦੇ ਉਚਾਰਨ ਦੀ ਰਵਾਇਤ ਨੂੰ ਦੇਸ ਪਰਦੇਸ ਵਿਚ ਕਾਇਮ ਰੱਖਿਆ ਹੋਇਆ ਹੈ, ਪਰ ਅੱਜਕੱਲ ਕੁਝ ਐਸੇ ਕੀਰਤਨੀਏ ਦੇਖਣ ਵਿਚ ਆ ਰਹੇ ਹਨ ਜੋ 'ਸੁਧੁ' ਅੱਖਰ ਨੂੰ ਬੇਲੋੜਾ ਸਮਝ ਕੇ ਜਾਂ ਅਨਭੋਲ ਹੀ ਉਚਾਰਨ ਕਰਨ ਨੂੰ ਬੋਝ ਸਮਝਦੇ ਹਨ। ਹਰਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਚ ਭੀ ਕੁਝ ਕੀਰਤਨੀਏ, ਟੀ. ਵੀ. ਤੇ ਦੇਖਣ ਵਿਚ ਆਏ ਹਨ, ਜੋ ਸਮਾਪਤੀ ਤੇ 'ਸੁਧੁ' ਅੱਖਰ ਉਚਾਰਨ ਤੋਂ ਪਰਹੇਜ਼ ਕਰਦੇ ਹਨ ਜਾਂ ਸ਼ਰਮਾਉਂਦੇ ਹਨ। ਪਰ ਬਹੁਤੇ ਜਿਵੇਂ ਭਾਈ ਜਸਵੰਤ ਸਿੰਘ ਜੀ ਜਾਂ ਭਾਈ ਬਖਸ਼ੀਸ਼ ਸਿੰਘ ਜੀ ਦੇ ਸਾਥੀਆਂ ਦਾ ਜੱਥਾ ਬੜੇ ਫਖਰ ਨਾਲ ਸ਼ੁਧ ਉਚਾਰਦੇ ਹਨ। ਤਬਲੇ ਦੀ ਥਾਪ ਜਾਂ ਗੁਰ ਉੱਤੇ ਸਪਸ਼ਟਤਾ ਨਾਲ "ਸੋ ਕਰੇ ਜਿ ਤਿਸੈ ਰਜਾਇ॥ ਸੁਧੁ॥" ਬੋਲਦੇ ਹਨ।

ਕੁਝ ਬੁਧੀ ਜੀਵਾਂ ਦਾ ਵਿਚਾਰ ਹੈ ਕਿ ਪੰਚਮ ਪਾਤਸ਼ਾਹ ਨੇ ਜਦੋਂ ਵੀ ਸਲੋਕਾਂ ਸਹਿਤ ਰਾਗਾਂ ਦੀਆਂ ਵਾਰਾਂ ਦੀ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾਈ ਤਾਂ ਮਗਰੋਂ ਸਲੋਕਾਂ ਦੇ ਮਹਲਿਆਂ ਦੇ ਨੰਬਰਾਂ (ਮਹਲਾ, ਪਹਿਲਾ, ਦੂਜਾ, ਤੀਜਾ, ਚੌਥਾ ਆਦਿ) ਦੀ ਜਾਂਚ ਕੀਤੀ। ਇਨ੍ਹਾਂ ਨੂੰ ਠੀਕ ਲਿਖਿਆ ਦੇਖ ਕੇ, ਅੰਤ ਵਿਚ ਇਨ੍ਹਾਂ ਦੇ ਦਰੁਸਤ ਹੋਣ ਦੀ ਮਨਜ਼ੂਰੀ ਦੇਣ ਲਈ ਮਾਰਜਿਨ .......... ਵਿਚ 'ਸੁਧੁ' ਲਿਖ ਦਿੱਤਾ। ਪਰ ਇਹ ਕਹਿਣਾ ਕਿ ਹੁਣ ਇਸ ਦੇ ਉਚਾਰਨ ਦੀ ਲੋੜ ਨਹੀਂ, ਉਚਿਤ ਨਹੀ ਹੈ। ਸੁਣਣ ਵਿਚ ਆਉਂਦਾ ਹੈ ਕਰਤਾਰਪੁਰ ਵਾਲੀ ਬੀੜ ਵਿਚ ਨਈ ਮੰਗਲਾ ਚਰਨ ਭੀ ਮੁਖ ਲਿਖਤ ਤੋਂ ਬਾਹਰ ਹਾਸ਼ੀਏ ਦੇ ਖੱਬੇ ਜਾ ਸੱਜੇ ਪਾਸੇ ਹੀ ਲਿਖੇ ਹੋਏ ਹਨ। ..... ਹੁਣ ਅਸੀਂ ਉਨ੍ਹਾਂ ਮੰਗਲਾਂ ਨੂੰ ਛਡ ਦਿੱਤਾ ਹੈ? ਨਹੀਂ ਬਿਲਕੁਲ ਨਹੀਂ। ਸੋ 'ਸੁਧੁ' ਨੂੰ ਕਿਵੇਂ ਛਡ ਸਕਦੇ ਹਾਂ। 'ਸੁਧੁ' ਅਖਰ ਦੇ ਅਰਥਾਂ ਦਾ ਇਤਿਹਾਸਕ ਪੱਖ ਕੀ ਹੈ, ਇਹ ਖੋਜੀਆਂ ਦਾ ਵਿਸ਼ਾ ਹੈ। ਉਹ ਖੋਜ ਕਰੀ ਜਾਣ। ਉਨ੍ਹਾਂ ਨੂੰ ਮੁਬਾਰਕ ਹੈ। ਅਸੀਂ ਤਾਂ ਗਲ ਵਿਰਸੇ ਦੀ ਤੇ ਸਿਦਕ ਦੀ ਕਰ ਰਹੇ ਹਾਂ। 'ਸੁਧੁ' ਅੱਖਰ ਬਾਰੇ ਵਿਚਾਰ ਕਰਦੇ ਹੋਏ, ਪੰਥ ਦੇ ਸਤਿਕਾਰ ਯੋਗ ਗਿਆਨੀ ਹਰਬੰਸ ਸਿੰਘ ਜੀ ਨੇ ਆਪਣੀ ਪੁਸਤਕ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ"

ਵਿਚ ਪੰਨਾਂ 91/728 ਤੇ ਇਕ ਸਿਦਕ ਭਰਿਆ ਵਡਮੁਲਾ ਖਿਆਲ ਪੰਥ ਨਾਲ ਸਾਂਝਾ ਕੀਤਾ ਹੈ। ਉਹ ਲਿਖਦੇ ਹਨ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਨਾਲ ਜੋ ਬਾਣੀ ਪਰਕਾਸ਼ਮਾਨ ਹੋਈ ਹੈ ਉਸ ਉਤੇ ਕਿਸੇ ਪ੍ਰਕਾਰ ਦੀ ਕਿੰਤੂ ਕਰਨੀ ਅਣਹੋਂਦਾ ਅਜਗਰ ਭਾਰ ਉਠਾਉਣ ਵਾਲੀ ਗਲ ਹੈ ਕਿਉਂਕਿ ਜੇ ਗੁਰੂ ਤੇ ਹੀ ਸ਼ੰਕਾ ਹੋਣੀ ਆਰੰਭ ਹੋ ਜਾਏ ਤਾਂ ਜਗਿਆਸੂ ਕੋਈ ਲਾਭ ਪ੍ਰਾਪਤ ਨਹੀ ਕਰ ਸਕਦਾ।----ਸੋ ਢਾਡੀ ਬਣਕੇ ਪ੍ਰਭੂ ਦਾ ਜਸ ਗਾਉਣਾ, ਉਸ ਵਿਚ ਮਗਨ ਰਹਿਣਾ ਹੀ ਆਤਮਕ ਅਨੰਦ ਦਾ ਪ੍ਰਤੀਕ ਹੈ- 'ਨਾਨਕ ਕੀਰਤਨ ਕਰ, ਅਟਲ ਏਹ ਧਰਮ'॥

ਮੇਰਾ ਇਹ ਲੇਖ ਲਿਖਣ ਦਾ ਪ੍ਰਯੋਜਨ ਕੇਵਲ ਇਹ ਹੈ ਕਿ ਅਸੀਂ ਕਿਧਰੇ 'ਸੋ ਕਹੇ ਜਿਤ ਤਿਸੈ ਰਜਾਇ' ਤੋ ਬਾਅਦ ਆਏ ਸ਼ੁਧ ਅੱਖਰ ਦਾ ਉਚਾਰਨ ਬੰਦ ਨਾ ਕਰ ਦਈਏ। ਇਸ ਦਾ ਪੜ੍ਹਨਾ ਸਦੀਆਂ ਤੋਂ ਸਾਡੇ ਵਿਰਸੇ ਵਿਚ ਹੈ। ਜੇ ਇਸ ਦੇ 'ਨਾਹੀ ਪੜਨ' ਦੀ ਨਵੀਂ ਪਰੰਪਰਾ ਚਲ ਪਈ ਤਾਂ 'ਪੂਰੇ ਕਾ ਦੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀਂ ਦੀ ਉਲੰਘਣਾ ਹੋਵੇਗੀ। ਇਸ ਦੀ ਉਲੰਘਣਾ ਦੀ ਜ਼ਿੰਮੇਵਾਰੀ ਅੱਜ ਦੀ ਪੀੜ੍ਹੀ ਦੇ ਉਨ੍ਹਾਂ ਕੀਰਤਨੀਆਂ ਜਾਂ ਪ੍ਰਚਾਰਕਾਂ ਦੀ ਹੋਵੇਗੀ ਜਿਨਾਂ ਨੇ ਇਸ ਚਲ ਰਹੇ ਵਿਰਸੇ ਤੇ ਪਹਿਰਾ ਨਹੀਂ ਦਿੱਤਾ। ਲੇਖਕ ਇਹ ਲੇਖ ਲਿਖ ਕੇ ਆਪਣੀ ਸਮਝ ਅਨੁਸਾਰ 75 ਸਾਲ ਦੀ ਉਮਰ ਵਿਚ ਆਪਣੀ ਜ਼ਿੰਮੇਵਾਰੀ ਨਿਭਾਅ ਚਲਿਆ ਹੈ।

ਸ਼ੁਧ ਸ਼ਬਦ ਨੂੰ ਮਨ ਮਰਜ਼ੀ ਨਾਲ ਉਚਾਰਨ ਜਾਂ 'ਨਾਂ-ਉਚਾਰਨ ਦੀ ਖੁਲ੍ਹ ਦੇਣੀ ਉਚਿਤ ਨਹੀਂ ਹੈ। ਜੇ ਇਸ ਦੁਬਧਾ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਤਾਂ (ਬੇਅਦਬੀ ਤੋਂ ਛੁੱਟ) ਹੋਰ ਵੀ ਕਈ ਪਾਠਾਂ ਦਾ ਪੜ੍ਹਨਾ ਜਾ ਨਾ-ਪੜ੍ਹਨ ਵਾਲੀਆਂ ਗੁੰਝਲਾਂ ਪੈਣ ਦਾ ਡਰ ਹੋ ਸਕਦਾ ਹੈ।

ਸੋ ਨਿਮਰਤਾ ਸਹਿਤ ਬੇਨਤੀ ਹੈ ਕਿ ਆਸਾ ਦੀ ਵਾਰ ਦੇ ਕੀਰਤਨੀਆਂ ਨੂੰ ਪੁਰਜ਼ੋਰ (ਹੁਕਮਨ ਹੀ) ਇਹ ਆਦੇਸ਼ ਹੋਣਾ ਚਾਹੀਦਾ ਹੈ ਕਿ 'ਸੋ ਕਰੇ ਜਿ ਤਿਸੈ ਰਜਾਇ' ਉਪਰੰਤ 'ਸ਼ੁਧ' ਭੀ ਪੜ੍ਹਿਆ ਕਰਨ। ਇਸ ਦਾ ਉਚਾਰਨ ਸਾਡਾ ਗੌਰਵ ਮਈ ਵਿਰਸਾ ਹੈ। ☬

# ਧਰਮ ਦੀ ਪਹਿਚਾਣ

ਬਹਾਦਰ ਸਿੰਘ ਸੇਠੀ
369 ਪ੍ਰਧਾਨ ਮਾਰਗ,
ਨਿਰੰਕਾਰੀ ਕਲੋਨੀ, ਦਿੱਲੀ 110 009

ਕਿਸੇ ਸਤਿਕਰਮ ਨੂੰ ਪੂਰਨ ਨਿਸਚਾ ਅਤੇ ਦ੍ਰਿੜਤਾ ਨਾਲ ਕਰਨਾ ਜਾਂ ਕਰਨ ਦਾ ਸੰਕਲਪ ਕਰਨਾ ਅਤੇ ਇਸ ਦੇ ਸੰਸਕਾਰਾਂ ਨੂੰ ਵਧਾ ਲੈਣਾ ਧਰਮ ਕਿਹਾ ਜਾ ਸਕਦਾ ਹੈ। ਸਤਿ ਦਾ ਅਰਥ ਹੈ ਸੱਚਾਂ ਤੇ ਸੁੱਚਾ, ਪਵਿੱਤਰ, ਨਿਰਮਲ ਜਿਸ ਵਿੱਚ ਅਪਵਿਤੱਰਤਾ ਦਾ ਅੰਸ਼ ਨਹੀਂ, ਮੈਲ ਨਹੀ, ਦੁਰਭਾਵਨਾ ਨਹੀ ਅਤੇ ਉਹ ਨਿਰਮਲ ਜਲ ਦੀ ਭਾਂਤੀ ਸਦਾ ਸੁਖਦਾਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਧਰਮ-ਸ੍ਰੇਸ਼ਟ ਦਾ ਵਰਣਨ ਇਹਨਾਂ ਸ਼ਬਦਾਂ ਵਿਚ ਕੀਤਾ ਹੈ:-

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥*

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਧਰਮ ਦਾ ਆਧਾਰ ਪਵਿਤ੍ਰਤਾ ਹੈ। ਇਹ ਕਰਮ ਹੈ ਜਿਸ ਨੂੰ ਕਰਨਾ ਹੈ ਅਤੇ ਨਿਭਾਣਾ ਹੈ। ਸਤਿ ਜਾਂ ਪਵਿਤ੍ਰਤਾ ਉਜਵਲਤਾ ਅਤੇ ਮੁਕਤੀ ਦਾ ਸੋਮਾ ਹੈ। ਇਸ ਵਿਚ ਅਥਾਹ ਸ਼ਕਤੀ ਹੈ। ਕਥਨ ਕਰਨਾ ਆਸਾਨ ਹੈ ਪਰ ਇਸ ਨੂੰ ਕਰਨੀ ਦਾ ਰੂਪ ਦੇਣ ਵਿਚ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਰਿ ਦਾ ਨਾਮੁ ਜਪਣਾ ਹਰ ਮਨੁੱਖ ਦਾ ਧਰਮ ਹੈ ਕਿਉਂਕਿ ਮਨੁੱਖ ਅਕਾਲ ਪੁਰਖ ਦੀ ਜੋਤਿ ਤੋਂ ਵਿਛੜ ਕੇ ਆਉਂਦਾ ਹੈ ਅਤੇ ਮੁੜ ਉਸ ਜੋਤਿ ਵਿਚ ਸਮਾ ਜਾਣਾ ਇਸ ਦਾ ਲਕਸ਼ ਹੈ। ਪਰਮਾਤਮਾ ਦੇ ਨਾਮ ਦਾ ਚਿਤਵਨ ਮਨੁਖ ਦੀ ਮਨ, ਬੁੱਧੀ, ਆਕਾਰ, ਹਿਰਦੈ ਅਤੇ ਅੰਸ਼ ਵਿਚ ਸਮਾ ਜਾਣਾ ਜਿਸ ਰਾਹੀਂ ਉਹ ਜੀਵਨ ਜੀ ਰਿਹਾ ਹੈ, ਨਾਮੁ ਜਪਣਾ ਹੈ। ਇਸ ਪ੍ਰਕਾਰ ਪਰਮਾਤਮਾ ਦਾ ਵਾਸਾ ਸਾਡੇ ਹਿਰਦੈ ਵਿਚ ਹੋ ਜਾਂਦਾ ਹੈ। ਸਾਨੂੰ ਸੋਝੀ ਤੇ ਸ਼ਕਤੀ ਮਿਲਦੀ ਹੈ ਅਤੇ ਅਸੀਂ ਕੋਈ ਅਪਵਿਤਰ ਕੰਮ ਕਰ ਹੀ ਨਹੀ ਸਕਦੇ ਅਤੇ ਨਾ ਹੀ ਕਿਸੇ ਔਕੜ ਜਾਂ ਮੁਸੀਬਤ ਸਾਹਮਣੇ ਡੋਲ੍ਹ ਸਕਾਂਗੇ।

ਧਰਮ ਦੀ ਵਿਸ਼ਾਲਤਾ ਦਾ ਦ੍ਰਿਸ਼ ਸੱਚੇ ਪਾਤਸ਼ਾਹ ਨੇ ਇਹਨਾ ਸ਼ਬਦਾਂ ਵਿਚ ਦਰਸਾਇਆ ਹੈ:-

*ਸੰਤ ਜਨਾ ਕਾ ਪੇਖਨੁ ਸਭ ਬ੍ਰਹਮ ॥*
*ਸੰਤ ਜਨਾ ਕੈ ਹਿਰਦੈ ਸਭਿ ਧਰਮ ॥*

ਇਸ ਲਈ ਸੱਚਾ ਧਰਮ ਤਾਂ ਪੂਰੇ ਬ੍ਰਹਮੰਡ ਵਿੱਚ ਵਿਆਪਕ ਹੈ। ਪਰਮਾਤਮਾ ਨਾਲ ਜੁੜ ਕੇ ਹੀ ਵਿਅਕਤੀ ਸੰਤ ਰੂਪ ਹੋ ਸਕਦਾ ਹੈ। ਵਿਸ਼ਾਲ ਬ੍ਰਹਮੰਡ ਸਾਹਮਣੇ ਦਿਖਾਈ ਦੇ ਰਿਹਾ ਹੈ। ਉਸ ਦਾ ਕਿਸੇ ਨਾਲ ਵੈਰ ਵਿਰੋਧ ਨਹੀ, ਭੈ ਨਹੀ, ਹਰ ਪਾਸੇ ਪਰਮਾਤਮਾ ਦੀ ਜੋਤਿ ਦਿਖਾਈ ਦੇਂਦੀ ਹੈ। ਐਸੇ ਵਿਸ਼ਾਲ ਰੂਪ ਨੂੰ ਅਪਨਾ ਕੇ ਧਰਮ ਵਿੱਚ ਅਪਵਿਤ੍ਰਤਾ ਜਾਂ ਮੈਲ ਪਰਵੇਸ਼ ਨਹੀ ਕਰ ਸਕਦੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵੱਲ ਧਿਆਨ ਜੋੜੀਏ ਤੇ ਸਿਰ ਝੁਕ ਜਾਂਦਾ ਹੈ। ਉਹ ਮਨੁੱਖ ਨੂੰ ਸੋਝੀ ਦੇਣ ਸਮੇਂ ਸਦਾ 'ਸਤਿ ਕਰਤਾਰ' ਦਾ ਬਚਨ ਅਲਾਪਦੇ ਸਨ ਅਤੇ ਮਰਦਾਨੇ ਨੂੰ ਅਕਸਰ ਕਿਹਾ ਕਰਦੇ ਸਨ 'ਮਰਦਾਨਿਆਂ ਰਬਾਬ ਛੇੜ'॥ ਉਹ ਸ਼ਬਦ ਦਾ ਉਚਾਰਨ ਕਰਦੇ ਸਨ ਜਿਸ ਵਿਚੋਂ ਪਰਮਾਤਮਾ ਪਰਵਰਦਿਗਾਰ ਦੀ ਝਲਕ ਮਿਲਦੀ ਸੀ ਅਤੇ ਸੁਣਨ ਵਾਲੇ ਮੁਗਧ ਹੋ ਜਾਂਦੇ ਸਨ। ਆਪਣੇ ਆਪ ਨੂੰ ਪਰਮਾਤਮਾ ਨਾਲ ਜੋੜਨਾ ਧਰਮ ਦਾ ਅੰਸ਼ ਹੈ। ਗੁਰੂ ਜੀ ਇਸ ਮਸਤੀ ਨੂੰ ਸ਼ਬਦ ਦੀ ਅੰਮ੍ਰਿਤ ਵਰਖਾ ਦੇ ਰੂਪ ਵਿਚ ਸੱਜਣ ਠੱਗ ਅਤੇ ਕੌਡਾ ਰਾਖਸ਼ ਵਰਗੇ ਘੋਰ ਕਰੂੜਾ ਅਤੇ ਕ੍ਰੋੜਿਆ ਵਿਚ ਫਸੇ ਹੋਏ ਸਨ ਫਿਰ ਵੀ ਉਹ ਸਤਿ ਅਤੇ ਪਵਿਤ੍ਰਤਾ ਦੀ ਰੋਸ਼ਨੀ ਬਰਦਾਸ਼ਤ ਨਾ ਕਰ ਸਕੇ, ਉਹਨਾ ਦੇ ਹਿਰਦਿਆਂ ਨੂੰ ਚੀਰ ਗਈ ਅਤੇ ਸਿਧੇ ਰਸਤੇ ਤੇ ਆ ਗਏ। ਰੁਹੇਲ ਪਿੰਡ ਵਿਚ ਅਸਹਾਇ ਮਨੁੱਖਾਂ ਨੂੰ ਜਨੌਰਾਂ ਦੀ ਤਰ੍ਹਾਂ ਵੇਚਿਆ ਤੇ ਖਰੀਦਿਆ ਜਾਂਦਾ ਸੀ। ਗੁਰੂ ਜੀ ਖੁਦ ਉੱਥੇ ਜਾ ਕੇ ਵਿਕ ਗਏ। ਉਸ ਇਲਾਕੇ ਤੇ ਕਹਿਰ ਛਾ ਗਿਆ। ਪੀਣ ਲਈ ਪਾਣੀ ਨਸੀਬ ਨਹੀਂ ਸੀ। ਸਭ ਨਵਾਬ ਤੇ ਸ਼ਕਤੀਸ਼ਾਲੀ ਵਿਅਕਤੀ ਪੈਰੀਂ ਆ ਡਿਗੇ ਤੇ ਖਿਮਾ ਮੰਗੀ। ਇਹ ਧਰਮ ਦੀ ਜੋਤਿ ਦਾ ਪ੍ਰਕਾਸ਼ ਹੈ।

ਮਲਕ ਭਾਗੋ ਦੇ ਸਵਾਦਿਸ਼ਟ ਪਕਵਾਨ ਗੁਰੂ ਜੀ ਨੂੰ ਲੁਭਾ ਨਾ ਸਕੇ। ਉਸ ਦੇ ਅਹਿਮ ਨੂੰ ਜ਼ਬਰਦਸਤ ਠੇਸ ਵਜੀ ਜਦੋਂ ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਉਸ ਦੇ ਪਕਵਾਨਾਂ ਵਿੱਚ ਗਰੀਬਾਂ ਅਤੇ ਕਿਰਸਾਨਾਂ ਦੇ ਲਹੂ ਸ਼ਾਮਲ ਹੈ। ਇਹ ਭੋਜਨ ਅਪਵਿਤਰ ਹੈ ਅਤੇ ਵਿਸ਼ੈਲਾ ਹੈ। ਇਸ ਦਾ ਸੇਵਨ ਕਰਕੇ ਸਾਰਾ ਨੀਰ ਅਪਵਿਤਰ ਅਤੇ ਜ਼ਹਿਰ ਭਰਿਆ ਬਣ ਸਕਦਾ ਹੈ। ਯਕੀਨ ਨਹੀਂ ਆਇਆ ਤਾਂ ਆਪਣੀ ਅੱਖੀਂ ਉਹ ਦ੍ਰਿਸ਼ ਦੇਖਿਆ ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲ ਸਕਦੀ। ਇਸ ਤਰ੍ਹਾਂ ਗੁਰੂ ਜੀ ਨੇ ਧਰਮ ਦੀ ਪਵਿਤ੍ਰਤਾ ਨੂੰ ਗੁਰੂ ਜੀ ਨੇ ਵਿਸ਼ਾਲ ਰੂਪ ਵਿੱਚ ਪ੍ਰਗਟ ਕੀਤਾ ਕਿਉਂਕਿ

ਮਲਕ ਭਾਗੋ ਨੇ ਜ਼ਿਦ ਕੀਤੀ ਸੀ। ਇਸ ਤੋਂ ਧਰਮ ਦੀ ਨਿਰਭੈਤਾ ਸ਼ਕਤੀ ਸਾਹਮਣੇ ਆ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੇ ਦੇ ਹਾਕਮ ਨੂੰ ਦੱਸਿਆ ਕਿ ਗੁਰਦਵਾਰਾ ਤੇ ਰੱਬ ਦਾ ਘਰ ਹੈ। ਇੱਥੇ ਕਿਸੇ ਮਨੁੱਖ ਨੂੰ ਭੋਜਨ ਵਾਸਤੇ ਨਾਂਹ ਨਹੀ ਕੀਤੀ ਜਾ ਸਕਦੀ। ਇਹ ਕਿਸੇ ਵਿਅਕਤੀ ਦੀ ਜਾਗੀਰ ਨਹੀਂ, ਕਿਸੇ ਵਿਅਕਤੀ ਦਾ ਦਰ ਨਹੀ। ਜੇ ਸਜਾ ਦੇਣੀ ਹੈ ਤਾਂ ਖੁਦਾ ਨੂੰ ਦਿਓ ਜੋ ਇਸ ਸਥਾਨ ਦਾ ਮਾਲਕ ਹੈ। ਕਿਸੇ ਪਾਸ ਕੋਈ ਜਵਾਬ ਨਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਹਾਂਗੀਰ ਦੀ ਪ੍ਰਸੰਸਾ ਦੇ ਕੁਝ ਸ਼ਬਦ ਜੋੜਨ ਦਾ ਸੁਝਾਵ ਦਿੱਤਾ ਪਰ ਗੁਰੂ ਜੀ ਅਕਾਲ ਪੁਰਖ ਦੇ ਇਸ ਸਰੂਪ ਵਿਚ ਮਨੁੱਖ ਦੀ ਸਿਫਤ ਸ਼ਲਾਘਾ ਜੋੜ ਕੇ ਅਪਵਿਤ੍ਰ ਕਰਨ ਤੋਂ ਨਾਂਹ ਕਰ ਦਿੱਤੀ। ਆਪਣਾ ਸਰੀਰ ਕੁਰਬਾਨ ਕਰ ਦਿੱਤਾ ਅਤੇ ਦੱਸਿਆ ਕਿ ਇਹ ਤੇ ਮਿਟੀ ਦਾ ਭਾਂਡਾ ਹੈ। ਟੁਟ ਜਾਏ ਤਾਂ ਵੀ ਕੋਈ ਫਰਕ ਨਹੀ ਪੈਂਦਾ। ਇਸ ਵਿਚੋਂ ਧਰਮ ਦੀ ਸਚਾਈ ਅਤੇ ਪਵਿਤ੍ਰਤਾ ਝਲਕਦੀ ਹੈ। ਪਛਾਣਨ ਦੀ ਲੋੜ ਹੈ।

ਬਰਬਰਤਾ ਅਤੇ ਜ਼ੁਲਮ ਅਧਤਿ ਕਰਮ ਹਨ। ਅਜਿਹੇ ਕਰਮ ਕਰਨ ਵਾਲੇ ਧਰਮ ਦੇ ਰਖਵਾਲੇ ਨਹੀ ਹੋ ਸਕਦੇ। ਉਹ ਤੇ ਦੋਸ਼ੀ ਹਨ। ਉਹਨਾ ਨੂੰ ਆਪਣੇ ਆਪ ਤੇ ਘਿਰਣਾ ਆਉਣੀ ਚਾਹੀਦੀ ਹੈ। ਦੂਜਿਆਂ ਦਾ ਦੁਖ ਦਰਦ ਹਰਨ ਕਰਨਾ ਜਾਂ ਵੰਡ ਲੈਣਾ ਸਤਿਕਰਮ ਹੈ। ਇਸ ਵਿੱਚ ਪਵਿਤ੍ਰਤਾ ਹੈ! ਇਹ ਨਿਰਮਲ ਹੈ। ਇਸ ਨੂੰ ਪਾਲਨ ਕਰਨਾ ਅਤੇ ਇਸ ਦੀ ਪੂਰਤੀ ਲਈ ਆਪਣਾ ਸਭ ਕੁਝ ਜੋ ਸੰਸਾਰਕ ਹੈ ਵਾਰ ਦੇਣਾ ਸੱਚਾ ਧਰਮ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦੇ ਦੁਖ ਦਰਦ ਨੂੰ ਆਪਣੇ ਆਪ ਵਿਚ ਸਮੇਟ ਲਿਆ ਅਤੇ ਔਰੰਗਜ਼ੇਬ ਨੂੰ ਸੰਦੇਸ਼ ਭਿਜਵਾਇਆ ਕਿ ਇਹਨਾਂ ਦੁਖਿਆਰਾਂ ਤੇ ਜ਼ੁਲਮ ਕਰਨ ਦੀ ਥਾਂ ਉਹ ਆਪਣੇ ਮਜ਼ਹਬ ਵਿੱਚ ਇਕ ਵਿਅਕਤੀ ਨੂੰ ਜੋੜ ਲਵੇ ਤਾਂ ਉਸ ਦਾ ਉਦੇਸ਼ ਪੂਰਾ ਹੋ ਸਕਦਾ ਹੈ। ਔਰੰਗਜ਼ੇਬ ਲਾਚਾਰ ਹੋ ਗਿਆ। ਉਹ ਹਾਰ ਗਿਆ ਅਤੇ ਉਸ ਦਾ ਪਰਤੀਕ ਹੈ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਯਾਲਾ ਦਾ ਸ਼ਹਾਦਤ ਕਬੂਲ ਕਰ ਲੈਣਾ ਪਰ ਧਰਮ ਨਹੀਂ ਹਾਰਨਾ। ਅੰਤ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੀ ਕੁਰਬਾਨੀ ਨੂੰ ਉਜਾਗਰ ਕਰ ਦਿੱਤਾ ਅਤੇ ਆਪਣਾ ਸਰੀਰ ਵੀ ਤਿਆਗ ਦਿੱਤਾ ਪਰ ਧਰਮ ਤੇ ਆਂਚ ਨਾ ਆਣ ਦਿੱਤੀ ਕਿਉਂਕਿ ਇਸ ਵਿਚ ਇਕ ਵਿਸ਼ਾਲ ਜਨ ਸਮੂਹ ਦੀ ਜੀਵਨ ਰਖਸ਼ਾ ਦਾ ਮੂਲ ਸੀ। ਧਰਮ ਦੀ ਪਰਿਭਾਸ਼ਾ ਸਪਸ਼ਟ ਰੂਪ ਤੇ ਸਾਹਮਣੇ ਆ ਜਾਂਦੀ ਹੈ।

ਧਰਮ ਦਾ ਸੰਬੰਧ ਅਕਾਲ ਪੁਰਖ ਅਤੇ ਅਕਾਲ ਪੁਰਖ ਦੀ ਪੂਰੀ ਰਚਨਾ ਨਾਲ ਹੈ। ਜਿਸ ਪਵਿਤ੍ਰਤਾ ਦਾ ਵਰਣਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ ਉਸ ਦਾ ਪਰਤੱਖ ਰੂਪ ਪ੍ਰਗਟ ਕਰਨ ਦਾ ਸਮਾਂ ਆ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਧਰਤੀ ਤੇ ਖਾਲਸਾ ਪ੍ਰਗਟ ਕੀਤਾ। ਖਾਲਸਾ ਪਵਿਤ੍ਰ ਮਨੁਖ ਦਾ ਦੂਸਰਾ ਨਾਮ ਹੈ। ਪਵਿਤ੍ਰਤਾ ਹੀ ਖਾਲਸੇ ਦਾ ਆਧਾਰ ਹੈ। ਇਸ ਲਈ ਪੰਜ ਕਕਾਰਾਂ ਨੂੰ ਸੰਭਾਲ ਕੇ ਰੱਖਦੇ ਹਾਂ ਅਤੇ ਇਹਨਾ ਦਾ ਆਦਰ ਕਰਦੇ ਹਾਂ। ਗੁਰਬਾਣੀ ਸਾਨੂੰ ਅਕਾਲ ਪੁਰਖ ਦੀ ਜੋਤਿ ਨਾਲ ਜੋੜਦੀ ਹੈ, ਇਸ ਲਈ ਗੁਰਬਾਣੀ ਦਾ ਪਾਠ ਨਿਤ ਨੇਮ ਦੇ ਰੂਪ ਵਿੱਚ ਸੁਬਹ, ਸ਼ਾਮ, ਰਾਤ, ਹਰ ਸਮੇ ਕਰਦੇ ਰਹਿਣਾਂ ਜ਼ਰੂਰੀ ਹੋ ਜਾਂਦਾ ਹੈ। ਖਾਲਸਾ ਅਕਾਲ ਪੁਰਖ ਦੀ ਫੌਜ਼ ਹੈ ਇਸ ਲਈ ਸੱਚੇ ਤੇ ਸੁੱਚੇ ਦਿਲੋਂ, ਪ੍ਰਤੱਖ ਰੂਪ ਵਿਚ ਇਸ ਨੂੰ ਅਕਾਲ ਪੁਰਖ ਦਾ ਬਣ ਕੇ ਰਹਿਣਾ ਹੁੰਦਾ ਹੈ।

ਖਾਲਸਾ ਪੂਰੀ ਮਨੁਖਤਾ ਦਾ ਰਾਖਾ ਹੈ। ਅਸਹਾਇ ਅਤੇ ਨਿਰਬਲ ਪ੍ਰਾਣੀਆਂ ਦਾ ਸਹਾਰਾ ਹੈ। ਮਾਨੋ ਅਕਾਲ ਪੁਰਖ ਦੀ ਜੋਤਿ ਇਸ ਧਰਤੀ ਤੇ ਦੁਖੀ ਅਤੇ ਸਤਾਏ ਜਾਣ ਵਾਲੇ ਪ੍ਰਾਣੀਆਂ ਦੀ ਰੱਖਿਆ ਕਰ ਰਹੀ ਹੈ। ਇਸ ਗੱਲ ਨੂੰ ਇਸ ਅਸਲੀਅਤ ਨੂੰ ਸਮਝਣ ਦੀ ਲੋੜ ਹੈ। ਸਤਿ ਕਰਮ ਭਾਵ ਨਿਰਮਲ ਕਰਮ ਧਰਮ ਦਾ ਪਰਮੁਖ ਅੰਸ਼ ਹੈ। ਇਹੀ ਖਾਲਸੇ ਦਾ ਅਤੇ ਇਕ ਸੱਚੇ ਗੁਰਸਿਖ ਦਾ ਧਰਮ ਹੈ।

ਬਾਬਾ ਦੀਪ ਸਿੰਘ ਅਤੇ ਹੋਰ ਅਨੇਕਾਂ ਗੁਰਸਿਖਾਂ ਨੇ ਅਦਭੁਤ ਸ਼ਹੀਦੀਆਂ ਦਾ ਪ੍ਰਤੱਖ ਰੂਪ ਮਾਨਵਤਾ ਦੇ ਸਾਹਮਣੇ ਪੇਸ਼ ਕੀਤਾ ਹੈ। ਉਹਨਾ ਨੂੰ ਯਾਦ ਕਰਕੇ ਹਨੇਰਾ ਛੁਟ ਜਾਂਦਾ ਹੈ ਅਤੇ ਮਨ ਦੀ ਮੈਲ ਧੁਲ ਜਾਂਦੀ ਹੈ। ਇਨਸਾਨ ਇਕ ਨਵੇਂ ਵਜੂਦ ਵਿਚ ਆ ਜਾਂਦਾ ਹੈ ਅਤੇ ਉਸ ਨੂੰ ਅਕਾਲ ਪੁਰਖ ਦੀ ਜੋਤਿ ਤੋਂ ਸਿਵਾ ਕੁਝ ਦਿਖਾਈ ਨਹੀਂ ਦੇਂਦਾ।

ਧਰਮ ਦਾ ਪਾਲਨ ਕਰਨਾ ਇਕ ਪਵਿਤਰ ਸੰਕਲਪ ਹੈ, ਇਕ ਪਵਿਤਰ ਧਾਰਨਾ ਹੈ, ਇਕ ਪਵਿਤ੍ਰ ਇਰਾਦਾ ਹੈ ਅਤੇ ਇਕ ਪਵਿਤਰ ਦ੍ਰਿੜਤਾ ਹੈ। ਸਾਡਾ ਨਿਜੀ ਜੀਵਨ ਅਤੇ ਸਾਡਾ ਸਮੁੱਚਾ ਜੀਵਨ ਉਦੇਸ਼ ਇਸ ਤੇ ਆਧਾਰਿਤ ਹੋਣੇ ਚਾਹੀਦੇ ਹਨ। ਅਸੀਂ ਇਸ ਦੇ ਬਲ ਤੇ ਹੀ ਦੁਨੀਆਂ ਦਾ ਸਾਹਮਣਾ ਕਰ ਸਕਦੇ ਹਾਂ। ਸਾਡੇ ਦੁਨਿਆਵੀ ਕਾਰਜਾਂ ਦੇ ਚਲਣ ਵਿੱਚ, ਵਰਤਣ ਵਿੱਚ, ਇਹ ਇਕ ਪਵਿਤ੍ਰ ਧਾਰਾ ਦੀ ਨਿਆਈਂ ਹੈ ਜੋ ਸਾਡੇ ਸਰੀਰ ਵਿਚ ਸਾਡੇ ਆਲੇ ਦੁਆਲੇ ਸਦਾ ਵਹਿੰਦੀ ਰਹਿਣੀ ਚਾਹੀਦੀ ਹੈ। ਧਰਮ ਦੀ ਪਹਿਚਾਨ ਗੁਰਸਿਖ ਤੋਂ ਵਧੇਰੇ ਕਉਣ ਕਰ ਸਕਦਾ ਹੈ?

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਦਾ ਮਹੱਤਵ

ਗੁਰਕੰਵਲ ਕੌਰ
193, ਸੈਕਟਰ 45-ਏ,
ਚੰਡੀਗੜ੍ਹ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਆਪਣੇ ਧਰਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਸੰਗੀਤ ਨੂੰ ਮਾਧਿਅਮ ਬਣਾਇਆ। ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਲਿਪੀ ਬਧ ਕਰਕੇ ਸੰਗੀਤ ਰਾਹੀਂ ਕੀਰਤਨ ਨੂੰ ਮਾਧਿ ਅਮ ਬਣਾ ਕੇ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਅਜਿਹਾ ਹੀ ਹੋਰਨਾਂ ਗੁਰੂਆਂ ਨੇ ਕੀਤਾ ਅਤੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਗੁਰੂ ਗ੍ਰੰਥ ਰੂਪ ਵਿਚ ਇਕੱਠਾ ਕੀਤਾ।

ਗੁਰਬਾਣੀ ਦਾ ਸੰਗੀਤ ਸੁਰ ਤਾਲ-ਬੱਧ ਅਤੇ ਰਸ ਨਾਲ ਭਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਭਿਆਚਾਰ ਅਤੇ ਸੰਗੀਤ ਦੀ ਕਾਇਆ ਕਲਪ ਕੀਤੀ ਅਤੇ ਸੰਗੀਤ ਨੂੰ ਗੁਰਬਾਣੀ ਵਿਚ ਮਾਨਤਾ ਦੇ ਕੇ ਉਸ ਨੂੰ ਆਤਮਿਕ ਕਲਿਆਣ ਦਾ ਵਸੀਲਾ ਬਣਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਪੁਰਾਤਨ 'ਮਾਰਗੀ ਸੰਗੀਤ' ਨਾਲ ਪ੍ਰਭਾਵਿਤ ਹੈ ਕਿਉਂਕਿ ਇਸ ਦਾ ਉਦੇਸ਼ ਵੀ ਪ੍ਰਭੂ ਪ੍ਰਾਪਤੀ ਹੈ। ਮਾਰਗੀ ਸੰਗੀਤ ਜਿਥੇ ਮੁਸ਼ਕਿਲ ਸੀ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਚ ਸਰਲਤਾ ਲਿਆਂਦੀ ਗਈ। ਉਸ ਸਮੇਂ ਦੇ ਦੇਸੀ ਸੰਗੀਤ ਨਾਲ ਪ੍ਰਭਾਵਿਤ ਰਾਗਾਂ ਦੇ ਸ਼ਬਦਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਜੋ ਸਰਲ ਲੋਕ ਸ਼ੈਲੀ ਵਿਚ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਹੋਰ ਗਾਇਨ ਸ਼ੈਲੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਜਿਵੇਂ: ਵਾਰ, ਸਲੋਕ, ਛੰਦ, ਪਉੜੀਆਂ, ਬਾਰਾਮਾਹ, ਘੋੜੀਆਂ, ਅਲਾਹਉਣੀਆਂ ਆਦਿ। ਇਸ ਨਾਲ ਇਹ ਸੰਗੀਤ ਆਮ ਲੋਕਾਂ ਵਿਚ ਵੀ ਕਾਫੀ ਹਰਮਨ ਪਿਆਰਾ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਰਤੀ ਸੰਗੀਤ ਦੇ ਤਿੰਨ ਅੰਗਾਂ:

ਗਾਇਨ, ਵਾਦਨ ਅਤੇ ਨਾਚ ਵਿਚੋਂ ਗਾਇਨ ਨੂੰ ਹੀ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ ਅਤੇ ਵਾਦਨ ਉਸ ਦੇ ਅਧੀਨ ਹੈ। ਨ੍ਰਿਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹੱਤਵ ਨਹੀਂ ਦਿੱਤਾ ਗਿਆ। ਚਾਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਨੂੰ ਬੜਾ ਮਹੱਤਵ ਦਿੱਤਾ ਗਿਆ ਹੈ ਅਤੇ ਪੂਰਨ ਤੌਰ ਤੇ ਸ਼ਾਸਤਰੀ ਸੰਗੀਤ ਨਾਲ ਗਾਏ ਜਾਂਦੇ ਹਨ ਪਰ ਸ਼ਬਦ ਨੂੰ ਵਧੇਰੇ ਪ੍ਰਧਾਨਤਾ ਦਿੱਤੀ ਗਈ ਹੈ।

ਗੁਰਬਾਣੀ ਸੰਗੀਤ ਵਿਚ 'ਰਹਾਉ' ਸ਼ਬਦ ਦੀ ਖਾਸ ਮਹੱਤਤਾ ਹੈ ਕਿਉਂਕਿ ਸ਼ਬਦ ਦਾ ਕੇਂਦਰੀ ਭਾਵ ਰਹਾਉ ਦੀ ਪੰਗਤੀ ਵਿਚ ਹੁੰਦਾ ਹੈ। ਇਸ ਲਈ ਕਈ ਗਾਇਕ ਤਾਂ ਇਸ ਨੂੰ ਸਥਾਈ ਬਣਾ ਕੇ ਸ਼ਬਦਾਂ ਵਿਚ ਵਰਤਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗਾਇਨ ਦਾ ਵਿਸ਼ੇਸ਼ ਸਮਾਂ ਨਿਰਧਾਰਿਤ ਕੀਤਾ ਗਿਆ ਅਤੇ ਇਹ ਸਮਾਂ ਦਿਨ ਵਿਚ ਚਾਰ ਵਾਰ ਰੱਖਿਆ ਗਿਆ। ਇਸ ਸਮੇਂ ਦੇ ਚੱਕਰ ਨੂੰ ਚੌਕੀਆਂ ਦੇ ਨਾਲ ਸੰਬੋਧਿਤ ਕੀਤਾ ਜਾਂਦਾ ਹੈ:- 'ਆਸਾ ਦੀ ਵਾਰ ਦੀ ਚੌਂਕੀ', 'ਚਰਨ ਕਮਲ ਦੀ ਚੌਂਕੀ', 'ਸੋਦਰ ਦੀ ਚੌਂਕੀ' ਅਤੇ 'ਕਲਿਆਣ ਦੀ ਚੌਂਕੀ'। ਆਸਾ ਰਾਗ ਦਾ ਗਾਇਨ ਸਮਾਂ ਸਵੇਰ ਦਾ ਹੈ ਅਤੇ ਇਸ ਰਾਗ ਦੀ ਚੌਂਕੀ ਵਿਚ 'ਆਸਾ' ਰਾਗ ਦੇ ਸ਼ਬਦਾਂ ਦਾ ਗਾਇਨ ਸਵੇਰੇ 5 ਤੋਂ 8 ਵਜੇ ਤਕ ਕੀਤਾ ਜਾਂਦਾ ਹੈ। 'ਚਰਨ ਕਮਲ' ਦੀ ਚੌਂਕੀ ਸਵਾ ਪਹਿਰ ਚੜ੍ਹਨ ਤੋਂ ਪਿਛੋਂ ਸ਼ੁਰੂ ਹੁੰਦੀ ਹੈ ਭਾਵ ਦਿਨ ਚੜ੍ਹਨ ਤੇ ਇਸ ਚੌਂਕੀ ਦੇ ਰਾਗ ਦਾ ਗਾਇਨ ਹੁੰਦਾ ਹੈ। ਸ਼ਾਮ ਸਮੇਂ 'ਸੋਦਰ ਦੀ ਚੌਂਕੀ' ਦਾ ਗਾਇਨ ਸਮਾਂ ਸ਼ੁਰੂ ਹੁੰਦਾ ਹੈ। ਚਾਰ ਘੜੀ ਰਾਤ ਗੁਜ਼ਰ ਜਾਣ ਤੇ 'ਕਲਿਆਣ ਦੀ ਚੌਂਕੀ' ਸ਼ੁਰੂ ਹੁੰਦੀ ਹੈ। ਇਸ ਸਮੇਂ ਕਲਿਆਣ ਰਾਂਗ ਵਿਚ ਸ਼ਬਦ ਗਾਏ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 31 ਰਾਗਾਂ ਵਿਚ 976 ਪਦ, ਗੁਰੂ ਅੰਗਦ ਦੇਵ ਜੀ ਦੇ 10 ਰਾਗਾਂ ਵਿਚ 61 ਸਲੋਕ, ਗੁਰੂ ਅਮਰਦਾਸ ਜੀ ਦੇ 24 ਰਾਗਾਂ ਵਿਚ 907 ਪਦ, ਗੁਰੂ ਰਾਮਦਾਸ ਜੀ ਦੇ 40 ਰਾਗਾਂ ਵਿਚ 679 ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਜੀ ਦੇ 46 ਰਾਗਾਂ ਵਿਚ 2216 ਸ਼ਬਦ, ਗੁਰੂ ਤੇਗ ਬਹਾਦਰ ਜੀ ਦੇ 17 ਰਾਗਾਂ ਵਿਚ 69 ਸ਼ਬਦ ਅਤੇ 37 ਸਲੋਕ ਹਨ। ਭਗਤਾਂ ਦੀ ਬਾਣੀ ਸਮੇਤ 65 ਰਾਗਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ।

ਉਪਰੋਕਤ ਉਲੇਖ ਤੋਂ ਸਪਸ਼ਟ ਹੈ ਕਿ ਇਸ ਪਵਿੱਤਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਰਾਗਾਂ ਦੇ ਆਧਾਰ ਤੇ ਕੀਤੀ ਗਈ ਹੈ ਅਤੇ ਇਸ ਰਾਗਾਤਮਕ ਆਧਾਰ ਵਾਲੇ ਗ੍ਰੰਥ ਦੀ ਸੰਗੀਤਾਤਮਕ ਸੰਭਾਵਨਾਵਾਂ ਨੂੰ ਪਹਿਚਾਣ ਕੇ ਚੱਲਣ ਵਿਚ ਹੀ ਅਸੀਂ ਕੁੱਝ ਪ੍ਰਾਪਤ ਕਰ ਸਕਦੇ ਹਾਂ। ☬

# ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖਿ ਏਕੰਕਾਰ

ਗੁਰਬਖਸ਼ ਸਿੰਘ ਪਿਆਸਾ
29, ਵੇਦ ਨਗਰ ਕਾਲੋਨੀ
ਦੇਵਰੀ ਰੋਡ, ਆਗਰਾ 282 001

ਜਦੋਂ ਪਹਿਲਾਂ ਪਹਿਲ ਮਨੁੱਖੀ ਚੇਤਨਾ ਨੇ ਅੱਖ ਖੋਲ੍ਹੀ ਤੇ ਆਪਣੇ ਆਲੇ ਦੁਆਲੇ ਵੇਖਿਆ ਤਾਂ ਵਿਸਮਿਤ ਹੋ ਕੇ ਰਹਿ ਗਿਆ। ਅਨੰਤ ਪਸਾਰਾ ਤੇ ਆਪ ਮੁਹਾਰੇ ਵਿਚਰਦੀ ਖੇਡ ਉਸ ਦੀ ਬੁੱਧੀ ਵਿਚ ਨਾ ਸਮਾਉਂਦੀ। ਅਨੰਤ ਆਕਾਸ਼ ਉੱਚੇ ਉੱਚੇ ਪਰਬਤ, ਸੰਘਣੇ ਜੰਗਲ, ਦੂਰ ਦੂਰ ਤਕ ਫੈਲੀ ਹਰਿਆਲੀ, ਫੁਟਦੇ ਝਰਨੇ, ਕਲ ਕਲ ਕਰਦੀਆਂ ਨਦੀਆਂ, ਹੱਸਦੇ ਰੰਗ ਬਿਰੰਗੇ ਫੁਲ, ਫਲਾਂ ਨਾਲ ਲੱਦੇ ਦਰੱਖਤ, ਚਹਿਚਹਾਉਂਦੇ ਪੰਛੀ, ਕਲੋਲਾਂ ਕਰਦੇ ਪਸ਼ੂ ਆਦਿ ਉਸ ਦੇ ਅਚੰਭੇ ਨੂੰ ਵਧਾਉਂਦੇ ਰਹਿੰਦੇ।

ਇਕ ਬੱਧੇ ਸਮੇਂ ਤੇ ਸੂਰਜ ਦਾ ਉਗਣਾ, ਚਾਨਣ ਤੇ ਨਿੱਘ ਪ੍ਰਦਾਨ ਕਰਨਾ, ਸਿਖਰ ਤੇ ਪਹੁੰਚ ਕੇ ਹੌਲੀ ਹੌਲੀ ਢਲਣਾ ਤੇ ਫਿਰ ਅਲੋਪ ਹੋ ਜਾਣਾ, ਹੌਲੀ ਹੌਲੀ ਹਨੇਰੇ ਦਾ ਪਸਰਨਾ ਤਾਰਿਆਂ ਦਾ ਨਿਕਲਣਾ, ਚੰਦ ਦਾ ਘਟਦਾ ਵਧਦਾ ਸਰੂਪ ਤੇ ਉਸ ਦੀਆਂ (ਸੂਰਜ ਤੋਂ ਵਿਪਰੀਤ) ਕਿਰਨਾਂ ਦਾ ਸ਼ੀਤਲਤਾ ਪ੍ਰਦਾਨ ਕਰਨਾ, ਉਸ ਨੂੰ ਵਿਮੂੜ ਕਰ ਦਿੰਦੇ। ਉਸ ਦੀ ਅਵਿਕਸਿਤ ਬੁੱਧੀ ਵਿਚ ਪ੍ਰਸ਼ਨ ਕੁਲਬੁਲਾਉਂਦੇ ਰਹਿੰਦੇ। ਜਿਸ ਦਾ ਉੱਤਰ ਉਸ ਦੇ ਕੋਲ ਨਹੀ ਸੀ। ਰੁੱਤਾਂ ਦਾ ਬਦਲਣਾ, ਕਦੇ ਅੰਤਾਂ ਦੀ ਗਰਮੀ, ਕਦੇ ਹੱਡੀਆਂ ਵਿਚ ਵੜਦੀ ਸੀਤ, ਬਦਲਾਂ ਦਾ ਬਣਨਾ, ਬਿਜਲੀ ਦਾ ਚਮਕਣਾ ਉਹ ਤ੍ਰਭਕ ਤ੍ਰਭਕ ਜਾਂਦਾ। ਜੇ ਬਰਖਾ ਹੁੰਦੀ ਤਾਂ ਕਈ ਕਈ ਦਿਨ ਹੁੰਦੀ ਰਹਿੰਦੀ। ਵਿਸ਼ੇਸ਼ ਰੂਪ ਵਿਚ ਉਸ ਨੂੰ ਹਨੇਰੇ ਤੋਂ ਬਹੁਤ ਡਰ ਲਗਦਾ। ਇਨ੍ਹਾਂ ਤਰ੍ਹਾਂ ਤਰ੍ਹਾਂ ਦੇ ਵਰਤਾਵਿਆਂ ਵਿਚ ਕੁਝ ਰੂਪ ਉਸ ਨੂੰ ਆਪਣੇ ਸਹਾਇਕ ਲਗਣ ਲਗ ਪਏ ਤੇ ਕਈਆਂ ਤੋਂ ਉਸ ਨੂੰ ਭੈ ਲੱਗਣ ਲਗ ਪਿਆ। ਆਪਣੀ ਸਮਝ ਅਨੁਸਾਰ ਉਸ ਨੇ ਦੋਹਾਂ ਧਿਰਾਂ ਨੂੰ ਸ਼ਕਤੀਆਂ ਮੰਨ ਕੇ, ਉਨ੍ਹਾਂ ਨੂੰ ਰੀਝਾਉਣ ਲਈ ਆਪਣੀ ਸਮਝ ਅਨੁਸਾਰ ਉਪਰਾਲੇ ਸ਼ੁਰੂ ਕਰ ਦਿੱਤੇ। ਉਸ ਦੇ ਇਸ ਘੇਰੇ ਵਿਚ, ਧਰਤੀ, ਸੂਰਜ, ਚੰਨ, ਅੰਬਰ, ਜਲ, ਆਦਿ ਹੀ ਨਹੀ ਰੁੱਖ, ਪਸ਼ੂ ਤੇ ਪੰਛੀ ਵੀ ਸ਼ਾਮਲ ਸਨ।

ਜਿਉਂ ਜਿਉਂ ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਗਿਆ। ਉਸ ਦੇ ਪੁਰਾਣੇ ਪ੍ਰਸ਼ਨ ਘਟਦੇ ਗਏ ਤੇ ਉਨ੍ਹਾਂ ਦੀ ਥਾਂ ਦੂਸਰੇ ਪ੍ਰਸ਼ਨ ਉਭਰਨੇ ਸ਼ੁਰੂ ਹੋ ਗਏ।

ਵਧੇਰੇ ਸੋਝੀਵਾਨਾਂ ਦੇ ਵਿਚਾਰ ਸ਼ਰੁਤੀਆਂ ਰਾਹੀਂ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤਕ ਪਹੁੰਚਦੇ ਰਹੇ। ਨਵੇਂ ਰਾਹ ਖੁਲ੍ਹਦੇ ਗਏ। ਗਿਆਨ ਚਿੰਨ੍ਹਾਂ ਤੋਂ ਤੁਰ ਕੇ ਲਿੱਪੀ ਦੀ ਸ਼ਕਲ ਵਿਚ ਭੋਜ ਪੱਤਰਾਂ ਤੋਂ ਹੁੰਦਾ ਹੋਇਆ, ਮਨੁਖ ਨੂੰ ਗਿਆਨਵਾਨ ਬਣਾਉਂਦਾ ਰਿਹਾ।

ਵਿਚਾਰਾਂ ਦੀ ਭਿੰਨਤਾ ਵੀ ਵੇਖਣ ਵਿਚ ਆਉਂਦੀ। ਪਰ ਇਹ ਸਾਂਝੀ ਸੋਚ ਇਕ ਤੱਥ ਤੇ ਆ ਕੇ ਟਿਕੀ ਕਿ ਇਸ ਸ੍ਰਿਸ਼ਟੀ ਦੇ ਵਰਤਾਰੇ ਪਿੱਛੇ ਕੋਈ ਅਦ੍ਰਿਸ਼ ਸ਼ਕਤੀ ਹੈ ਜੋ ਮਨੁਖੀ ਸਮਝ ਤੋਂ ਪਰੇ ਹੈ। ਹੌਲੀ ਹੌਲੀ ਇਸ ਨਿਰਾਕਾਰ ਹੱਸਤੀ ਨੂੰ ਆਕਾਰ ਬਧ ਕੀਤਾ ਜਾਣ ਲਗਾ। ਫਿਰ ਉਸ ਸ਼ਕਤੀ ਨੂੰ ਕਰਤਾ, ਭਰਤਾ ਤੇ ਹਰਤਾ ਵਿਚ ਸਮਾਹਿਤ ਕੀਤਾ ਗਿਆ। ਫਿਰ ਦੇਵ-ਵਾਦ ਹੋਂਦ ਵਿਚ ਆਇਆ। ਜਿਸ ਦੇ ਫਲਸਰੂਪ ਅਵਤਾਰ ਵਾਦ, ਰੱਬ ਦਾ ਪੁੱਤਰ ਤੇ ਰਸੂਲ ਆਦਿ ਸਮੇਂ ਸਮੇਂ ਤੇ ਮਹਾਂ-ਪੁਰਖਾਂ ਦੇ ਆਲੋਕ ਦੇ ਘੇਰੇ ਬਣੇ।

ਸਨਾਤਮ ਧਰਮ ਵਿਚ ਬ੍ਰਹਮ ਹੀ ਉਹ ਸ਼ਕਤੀ ਕਲਪੀ ਗਈ। ਇਸਲਾਮ ਦਾ 'ਕਲਮਾ ਸ਼ਹਾਦਤ' "ਅਸ਼ਹਦੁਨ ਲਾਇਲਹਾ ਇਲਿੱਲਾ ਮੁਹੰਮਦ ਰਸੂਲ ਇਲਾਹ" ਅਰਥਾਤ ਮੈਂ ਗਵਾਹੀ ਦਿੰਦਾ ਹਾਂ ਕਿ ਕੁਛ ਨਹੀਂ ਹੈ ਬਗੈਰ ਅੱਲਾ ਦੇ। ਅੱਲਾ ਇਕ ਹੈ ਮੁਹੰਮਦ ਇਸ ਦੇ ਰਸੂਲ ਹਨ। ਇਸੇ ਤਰ੍ਹਾਂ ਈਸਾਈ ਮੱਤ ਵਾਲੇ ਇਕ ਈਸ਼ਵਰ ਨੂੰ ਮੰਨਦੇ ਹਨ।

ਸਨਾਤਮ ਧਰਮ ਵਿਚ ਉਸ ਸ਼ਕਤੀ ਨੂੰ ਓਂਕਾਰ ਦਾ ਨਾਂ ਦਿੱਤਾ ਗਿਆ। ਮਾਂਡੋਕਯ ਤੇ ਤੈਤਰਯ ਉਪਨਿਸ਼ਦਾਂ ਅਨੁਸਾਰ ਓਂਕਾਰ ਰੂਪੀ ਈਸ਼ਵਰ ਦੇ ਦਸ ਨਾਂ ਹਨ। ਇਸ ਨੂੰ ਓਨਮ/ਓਮ ਵੀ ਕਿਹਾ ਗਿਆ ਹੈ। ਓਨਮ ਅਰਥਾਤ ਓ ਨੂੰ ਨਮਨ ਹੈ। ਕੱਠ ਉਪਨਿਸ਼ਦ ਅਨੁਸਾਰ 'ਓਮ' ਅੱਖਰ ਦੇ ਦੋ ਭਾਵ ਹਨ। ਇਕ ਅਪਰਬ੍ਰਹਮ (ਸਰਗੁਣ) ਤੇ ਪਰਬ੍ਰਹਮ (ਨਿਰਗੁਣ) ਤੇ ਇਸ ਨੂੰ ਬ੍ਰਹਮ ਵਾਚਕ ਸ਼ਬਦ ਕਿਹਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਬੈਠ ਕੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਉਸ ਵੇਲੇ ਦੇ ਮੋਢੀ ਮਤ-ਮਤਾਂਤਰਾਂ ਨੂੰ ਪੁਣਨ-ਛਾਨਣ ਤੋਂ ਬਾਦ ਆਪ ਇਸ ਨਿਰਣੇ ਤੇ ਪਹੁੰਚੇ ਕਿ ਇਸ ਵਖਰੇਵੇਂ ਤੇ ਅਧੋਗਤੀ ਦਾ ਮੂਲ ਕਾਰਣ ਮਨੁਖ ਦੇ ਹੱਥੋਂ 'ਏਕੇ' ਦਾ ਪੱਲਾ ਖਿਸਕ ਗਿਆ ਹੈ। ਜੇ ਕੁਝ ਧਰਮਾਂ ਵਿਚ ਸੂਤਰ ਰੂਪ ਵਿਚ 'ਏਕੈ' ਦਾ ਨਿਰੂਪਣ ਹੈ ਵੀ ਤਾਂ ਵਿਹਾਰਕ

ਰੂਪ ਵਿਚ ਪ੍ਰਤੀਕ ਤੋਂ ਵੱਧ ਕੁਝ ਨਹੀ।

ਸੋ ਓਅੰਕਾਰ ਦੇ ਸਰਬ-ਕਾਲਿਕ ਅਰਥ ਦ੍ਰਿੜ ਕਰਵਾਉਣ ਲਈ '੧' ਦੇ ਅੰਕ ਰਾਹੀਂ ਸਥਾਈ ਤਵ ਪ੍ਰਦਾਨ ਕਰ ਦਿਤਾ ਤੇ ਓਂਕਾਰ ਨੂੰ ਹੋਰ ਸਪਸ਼ਟ ਕਰਨ ਲਈ ੧ਓਅੰਕਾਰ ਦੇ ਰੂਪ ਵਿਚ ਪ੍ਰਖਿਆਤ ਕੀਤਾ। ਕਿਉਂਕਿ ਸ਼ਬਦ ਦੇ ਅਨੇਕ ਅਰਥ ਹੋ ਸਕਦੇ ਹਨ ਪਰ ਅੰਕ ਕੇਵਲ ਇਕ ਅਰਥ ਹੀ ਦਿੰਦਾ ਹੈ। ਇਸ ੧ਓਅੰਕਾਰ ਨੂੰ ਸਿੱਖ ਧਰਮ ਦੇ ਧੁਰੇ ਦੇ ਰੂਪ ਵਿਚ ਸਥਾਪਿਤ ਕੀਤਾ ਤੇ ਮੂਲ ਮੰਤਰ ਵਿਚ ਇਸ ਨੂੰ ਪ੍ਰਕਾਸ਼ਿਤ ਕੀਤਾ।

ਆਪ ਦਾ ਸਪਸ਼ਟ ਫੁਰਮਾਨ ਹੈ:-

*ਏਕੰਕਾਰ ਅਵਰ ਨਹੀ ਦੂਜਾ ਨਾਨਕ ਏਕ ਸਮਾਈ॥*

(ਰਾਮਕਲੀ ਮ. ੧)

ਏਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ, ਰਾਗ ਬਿਲਾਵਲ ਵਿਚ ਬਚਨ ਹਨ:-

*ਏਕੰਕਾਰ ਏਕੁ ਪਸਾਰਾ ਏਕੈ ਅਪਰ ਅਪਾਰਾ॥*

*ਏਕ ਬਿਸਥੀਰਨ ਏਕ ਸੰਪੂਰਨ ਏਕੈ ਪ੍ਰਾਨ ਅਧਾਰਾ॥*

ਗੁਰੂ ਗੋਬਿੰਦ ਸਿੰਘ ਜੀ ਨੇ ਵੀ 'ਏਕੈ' ਨੂੰ ਹੀ ਦ੍ਰਿੜ ਕਰਵਾਉਂਦੇ ਹੋਏ, ਖਾਲਸਾ ਪੰਥ ਨੂੰ ਉਸ 'ਏਕੈ' ਨੂੰ ਹੀ ਜਪਣ ਦਾ ਆਦੇਸ਼ ਦਿੱਤਾ।

ਭਾਈ ਗੁਰਦਾਸ ਜੀ ਨੇ ੧ਓ ਅੰਕਾਰ ਦੀ ਵਿਆਖਿਆ ਕਰਦਿਆਂ ਹੋਇਆ ੧ ਅੰਕ ਨੂੰ ਏਕੰਕਾਰ ਤੇ ਓ ਨੂੰ ਓਅੰਕਾਰ ਉਲੀਕੀਆ। ਪਾਰਬ੍ਰਹਮ ਦਾ ਨਿਰਗੁਣ ਸਰੂਪ, ਮਨੁੱਖੀ ਸਮਝ ਤੋਂ ਪਰੇ ਹੈ ਇਸ ਲਈ ਇਸ ਨੂੰ ਅਗਮ ਅਗੋਚਰ ਤੇ ਅਪਰੰਪਰ ਕਿਹਾ ਜਾਂਦਾ ਹੈ। ਜਿਸ ਨੂੰ ਸਤਿ ਰਾਹੀਂ ਦ੍ਰਿੜਾਇਆ ਗਿਆ ਹੈ ਤੇ ਆਪਣੇ ਸਰਗੁਣ ਸਰੂਪ ਰਾਹੀਂ ਇਹ ਸੰਸਾਰ ਉਪਾਇਆ ਹੈ। ਉਹ ਰਚਨਾ ਕਰਕੇ ਵੀ ਨਿਰਲੇਪ ਹੈ।

*ਨਿਰੰਕਾਰੁ ਅਕਾਰੁ ਆਪਿ ਨਿਰਗੁਨ ਸਰਗੁਨ ਏਕੁ॥*

*ਏਕਹਿ ਏਕ ਬਖਾਨਨੋ ਨਾਨਕ ਏਕੁ ਅਨੇਕ॥*

(ਗਉੜੀ ਮ: ੫)

ਸਿੱਖ ਧਰਮ ਦੀ ਵਿਲੱਖਣਤਾ ਦਾ ਆਧਾਰ ਇਹ 'ਇਕ' ਹੀ ਹੈ!

ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਕੇਵਲ 'ਏਕੈ' ਦੀ ਕਸਵੱਟੀ ਰਖੀ ਸੀ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸ ਏਕੈ (ਅਕਾਲ ਪੁਰਖ) ਦੀ ਸਿਫਤ ਸਾਲਾਹ ਦਾ ਨਾਦ ਗੂੰਜਦਾ ਹੈ। ਉਹ ਕਬੀਰ ਜੀ ਦੀ ਬਾਣੀ ਹੋਵੇ ਕਿ ਫਰੀਦ ਜੀ ਦੀ ਨਾਮ ਦੇਵ ਜੀ ਹੋਣ ਜਾਂ ਰਵਿਦਾਸ ਜੀ ਗਲ ਕੀ ਛੇ ਗੁਰੂਆਂ ਤੇ ਤੀਹ ਸੰਤਾਂ ਭਗਤਾਂ ਤੇ ਭੱਟਾਂ ਨੇ 'ਏਕੈ' ਦੀ ਸੁਰ ਵਿਚ ਸ਼ਬਦ-ਬੱਧ ਕੀਤਾ ਹੈ। ਸੰਸਾਰ ਵਿਚ ਸਾਰੇ ਪ੍ਰਚਲਿਤ ਨਾਮ ਉਸ ਨਿਰੰਕਾਰ ਦੇ ਕਿਰਤਮ ਅਰਥਾਤ ਗੁਣਵਾਚਕ ਨਾਮ ਹਨ।

ਸਾਰੀ ਸ੍ਰਿਸ਼ਟੀ ਦਾ ਕਰਤਾ ਭਰਤਾ ਤੇ ਹਰਤਾ ਹੋਣ ਕਾਰਣ ਉਹ ਸਭ ਦਾ ਪਿਤਾ ਹੈ ਤੇ ਇਸ ਤੱਥ ਦਾ ਉਦਘੋਸ਼ "ਏਕ ਪਿਤਾ ਏਕਸ ਕੇ ਹਮ ਬਾਰਕ" ਰਾਹੀਂ ਕੀਤਾ ਗਿਆ। ਜਦੋਂ ਸਭ ਦਾ ਪਿਤਾ ਇਕ ਹੋਇਆ ਤਾਂ ਸਾਰੇ ਮਨੁੱਖ ਉਸ ਦੀ ਸੰਤਾਨ ਹੋਏ, ਫਿਰ ਊਚ, ਨੀਚ ਜ਼ਾਤ-ਪਾਤ ਤੇ ਲਿੰਗ ਦੇ ਆਧਾਰ ਤੇ ਕੀਤੇ ਵਖਰੇਵੇਂ ਦਾ ਕੀ ਆਧਾਰ ਰਹਿ ਜਾਂਦਾ ਹੈ? ਜਦੋਂ ਸਾਰੇ ਉਸੇ 'ਏਕੈ' ਦੇ ਨੂਰ ਤੋਂ ਉਪਜੇ ਹਨ ਤਾਂ ਕੌਣ ਭਲਾ ਤੇ ਕੌਣ ਮੰਦਾ ਹੋਇਆ? (ਇਸੇ ਤਰ੍ਹਾਂ ਲੋਕਾਈ ਨੂੰ ਭ੍ਰਮ-ਜਾਲ ਵਿਚ ਪਾਉਣ ਵਾਲੇ ਥੋਥੇ ਕਰਮ-ਕਾਂਡ ਆਪਣੇ ਆਪ ਨਿਰਮੂਲ ਸਿੱਧ ਹੋ ਜਾਂਦੇ ਹਨ। ਜੋ ਉਸ 'ਏਕੈ' ਤੋਂ ਮਨੁਖ ਨੂੰ ਦੂਰ ਕਰਦੇ ਗਏ। ਇਹ ਸਰਬ-ਮੰਨਿਆ ਤੱਥ ਹੈ ਕਿ ਦਾਇਰੇ (circle) ਵਿਚ, ਜੋ ਜਿੰਨਾ ਕੇਂਦਰ ਬਿੰਦੂ ਤੋਂ ਦੂਰ ਹੋਵੇਗਾ ਓਨਾਂ ਹੀ ਵਧੇਰੇ ਭਟਕੇਗਾ। ☬

# ਗੁਰਮਤਿ ਸਾਹਿਤ ਤੇ ਸੰਗੀਤ ਨੂੰ ਸਮਰਪਿਤ: ਭਾਈ ਗੁਰਜੰਤ ਸਿੰਘ ਰਾਹੀ

ਭਾਈ ਅਵਤਾਰ ਸਿੰਘ ਹੰਸ
ਗੁਰੂ ਅਰਜਨ ਕੀਰਤਨ ਅਕੈਡਮੀ
ਪਟਿਆਲਾ ਗੇਟ, ਸੰਗਰੂਰ

ਭਾਈ ਗੁਰਜੰਤ ਸਿੰਘ ਜੀ 'ਰਾਹੀ' ਗੁਰਮਤਿ ਸੰਗੀਤ ਦੇ ਵਿਦਵਾਨ ਗੁਰਬਾਣੀ ਦੇ ਸੁਚੱਜੇ ਵਿਆਖਿਆਕਾਰ, ਪੰਜਾਬ ਘਰਾਣੇ ਨਾਲ ਸੰਬੰਧਿਤ ਤਬਲੇ ਦੇ ਸਫਲ ਉਸਤਾਦ ਹਨ। ਉਹ ਕਾਫੀ ਸਮੇਂ ਤੋਂ ਸੰਗੀਤ ਨੂੰ ਸਮਰਪਿਤ ਹਨ। ਇਹਨਾਂ ਦਾ ਜਨਮ 1955 ਵਿੱਚ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਸ੍ਰ. ਬਾਬੂ ਸਿੰਘ (ਜ਼ਿਲਾ ਭਲਾਈ ਅਫਸਰ) ਦੇ ਘਰ ਪਿੰਡ ਵਾਲਿਆਂ ਵਾਲੀ ਜ਼ਿਲਾ ਬਠਿੰਡਾ ਵਿਖੇ ਹੋਇਆ।

1965 ਵਿੱਚ ਪਿਤਾ ਜੀ ਸ੍ਰੀ ਤਰਨਤਾਰਨ ਸਾਹਿਬ ਵਿਖੇ ਸਰਵਿਸ ਕਰਦੇ ਸਨ ਪਿਤਾ ਜੀ ਨਾਲ ਆਪ ਸਵੇਰੇ ਸ਼ਾਮ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਜਾਂਦੇ ਤੇ ਘੰਟਿਆਂ ਬੱਧੀ ਬੈਠ ਕੇ ਕੀਰਤਨ ਸਰਵਣ ਕਰਦੇ ਉਦੋਂ ਤੋਂ ਹੀ ਸੰਗੀਤ ਨਾਲ ਪ੍ਰੇਮ ਹੋ ਗਿਆ ਤੇ ਸੰਗੀਤ ਸਿੱਖਣ ਦਾ ਦ੍ਰਿੜ ਨਿਸ਼ਚਾ ਕਰ ਲਿਆ।

ਭਾਈ ਗੁਰਜੰਤ ਸਿੰਘ ਨੇ 1970 ਵਿੱਚ ਫਰੀਦਕੋਟ ਵਿਖੇ ਸੰਤ ਟਹਿਲ ਸਿੰਘ ਜੀ ਤੋਂ ਮੁਢਲੀ ਗੁਰਮਤਿ ਵਿਦਿਆ ਤੇ ਗੁਰਬਾਣੀ ਦੀ ਸਿਖਿਆ ਲੈਣੀ ਆਰੰਭ ਕੀਤੀ ਤੇ ਭਾਈ ਮਹਿੰਦਰ ਸਿੰਘ ਤੋਂ ਤਬਲਾ ਸਿਖਣਾ ਸ਼ੁਰੂ ਕੀਤਾ। ਫਿਰ ਰਾਜਪੁਰੇ ਵਿਖੇ ਪੰਡਤ ਬਨਵਾਰੀ ਲਾਲ ਜੀ ਤੋਂ ਤਾਲੀਮ ਲੈਣ ਲੱਗੇ ਉਹਨਾਂ ਨੇ 6 ਮਹੀਨੇ 'ਤਾ ਤਾ' ਦਾ ਹੀ ਰਿਆਜ਼ ਕਰਵਾਇਆ।

ਕਾਲਜ਼ ਦੀ ਪੜ੍ਹਾਈ ਦੇ ਨਾਲ ਨਾਲ ਉਸ ਸਮੇਂ ਦੇ ਪ੍ਰਸਿੱਧ ਰਾਗੀ ਭਾਈ ਕਰਤਾਰ ਸਿੰਘ ਪਰਵਾਨਾ ਜੀ ਨਾਲ ਤਬਲੇ ਤੇ ਸੰਗਤ ਕਰਨ ਲੱਗੇ। ਉਹਨਾਂ ਨਾਲ ਆਪ ਜੀ ਨੂੰ ਹਿੰਦੁਸਤਾਨ ਦੇ ਪ੍ਰਸਿੱਧ ਸ਼ਹਿਰਾਂ ਵਿੱਚ ਕੀਰਤਨ ਪ੍ਰਚਾਰ ਕਰਨ ਲਈ ਜਾਣ ਦਾ ਸਮਾਂ ਮਿਲਿਆ। ਸਿੱਖ ਜਗਤ ਦੇ ਪ੍ਰਸਿੱਧ ਕੀਰਤਨੀਏ ਗੁਰਮੁਖ ਸਿੰਘ, ਭਾਈ ਸਰਮੁਖ ਸਿੰਘ, ਭਾਈ ਜੱਸਾ, ਪਾਲਾ ਜੀ, ਭਾਈ ਗਿਆਨ ਸਿੰਘ ਅੱਲਮਸਤ, ਭਾਈ ਉਤਮ ਸਿੰਘ ਪਤੰਗ, ਤਬਲਾ ਉਸਤਾਦ ਭਾਈ ਕ੍ਰਿਪਾਲ ਸਿੰਘ ਪਟਿਆਲਾ, ਭਾਈ ਪ੍ਰੇਮ ਸਿੰਘ 'ਪਤੰਗਾਂ', ਰਾਗੀ ਭਾਈ ਸਾਹਿਬ, ਭਾਈ ਬਖਸ਼ੀਸ਼ ਸਿੰਘ ਵਰਗੇ ਗੁਣੀਜਨਾਂ ਦੇ ਦਰਸ਼ਨ ਦੀਦਾਰ ਅਤੇ ਮਨੋਹਰ ਕੀਰਤਨ ਸੁਣਨ ਦਾ ਮੌਕਾ ਮਿਲਿਆ।

ਉੱਚਕੋਟੀ ਦੇ ਗਵੱਈਏ ਕੀਰਤਨੀਏ ਸੁਣ ਕੇ ਸੰਗੀਤ ਸਿੱਖਣ ਦੀ ਲਾਲਸਾ ਵੱਧ ਗਈ ਤੇ ਚੰਗੇ ਉਸਤਾਦਾਂ ਦੀ ਭਾਲ ਵਿਚ ਬੀ. ਏ. ਦੀ ਪੜ੍ਹਾਈ ਵਿਚੇ ਛੱਡ ਕੇ ਘਰੋਂ ਤੁਰ ਪਏ।

1974 ਵਿੱਚ ਮੇਰਠ ਉਸਤਾਦ ਹਬੀਬੂ ਦੀਨ ਸਾਹਿਬ ਦੇ ਛੋਟੇ ਭਰਾ ਉਸਤਾਦ ਅਬਦੁਲ ਕਰੀਮ ਖਾਂ ਕੋਲ ਗਏ ਉਹ ਇਹਨਾਂ ਦੀ ਸੰਗੀਤ ਸਿਖਣ ਦੀ ਲਗਨ ਦੇਖ ਕੇ ਤਬਲਾ ਸਿਖਾਉਣ ਮੰਨ ਗਏ। ਪਰ ਮਜ਼ਬੂਰੀ ਹੋਈ ਆਪ ਨੇ ਕਈ ਗੁਰਦੁਆਰਿਆਂ ਕਮੇਟੀਆਂ ਕੋਲ ਜਾ ਕੇ ਰਹਿਣ ਲਈ ਕਮਰੇ ਲਈ ਬੇਨਤੀ ਕੀਤੀ ਪਰ ਅਫਸੋਸ ਕਿਸੇ ਨੇ ਵੀ ਰਹਿਣ ਲਈ ਥਾਂ ਨਾ ਦਿੱਤੀ। ਫਿਰ ਆਪ ਹੌਸਲਾ ਕਰਕੇ ਪ੍ਰਸਿੱਧ ਤਬਲਾ ਵਾਦਕ ਉਸਤਾਦ ਅਹਿਮਦ ਜਾਨ ਥਿਰਕਵਾ ਸਾਹਿਬ ਪਾਸ ਲਖਨਊ ਗਏ, ਫਿਰ ਉਸਤਾਦ ਅੱਲਾਰੱਖਾ ਸਾਹਿਬ ਪਾਸ ਬੰਬਈ ਗਏ ਉਸਤਾਦਾਂ ਨੇ ਤਾਂ ਇਹਨਾਂ ਦੀ ਲਗਨ ਦੇਖ ਕੇ ਪ੍ਰਵਾਨਗੀ ਦੇ ਦਿੱਤੀ ਪਰ ਉਪਰੋਕਤ ਸਮੱਸਿਆ ਇਥੇ ਵੀ ਆਈ। ਕਿਸੇ ਵੀ ਗੁ: ਕਮੇਟੀ ਨੇ ਇਹਨਾਂ ਦੀ ਬਾਂਹ ਨ ਫੜੀ। ਬੜੀ ਨਿਰਾਸਤਾ ਹੋਈ।

ਉਸੇ ਵਕਤ ਪ੍ਰਸਿੱਧ ਤਬਲਾ ਵਾਦਕ ਭਾਈ ਤਰਲੋਕ ਸਿੰਘ ਨਾਲ ਵੀ ਇਸ ਤਰ੍ਹਾਂ ਦਾ ਵਰਤਾਉ ਹੋਇਆ ਸੀ। ਉਸਨੇ ਮਜ਼ਬੂਰ ਹੋ ਕੇ ਕੇਸ ਕਤਲ ਕਰਵਾ ਦਿੱਤੇ ਸਨ ਤੇ ਫਿਲਮ ਜਗਤ ਵਿੱਚ ਚਲਾ ਗਿਆ ਸੀ।

ਪਰ ਭਾਈ ਗੁਰਜੰਤ ਸਿੰਘ ਨੇ ਸਿਖੀ ਸਿਦਕ ਨਾ ਹਾਰਿਆ। ਮੁਸ਼ਕਲਾਂ ਦਾ ਮੁਕਾਬਲਾ ਕਰਦੇ ਹੋਏ ਅੱਗੇ ਵੱਧਦੇ ਗਏ। ਅਖੀਰ ਬਰੇਲੀ ਆ ਗਏ। ਇਥੇ ਰਾਗੀ ਭਾਈ ਜਸਵੰਤ ਸਿੰਘ ਨਾਲ ਕੀਰਤਨ ਸੇਵਾ ਕਰਨ ਲੱਗ ਪਏ। ਇਥੇ ਵੀ ਚੰਗੇ ਉਸਤਾਦਾਂ ਨਾਲ ਮੇਲ ਹੋ ਗਿਆ।

ਤਬਲੇ ਦੇ ਘਰਾਣੇਦਾਰ ਉਸਤਾਦ ਸਬੀਰ ਅਹਿਮਦ ਖਾਂ ਕੋਲੋਂ ਤਬਲੇ ਦੀ ਤਾਲੀਮ ਲੈਣ ਲੱਗੇ। ਉਹਨਾਂ ਦੀਆਂ ਸ਼ਰਤਾਂ ਬੜੀਆਂ ਸਖਤ ਸਨ। ਪਰ ਆਪ ਜੀ ਨੇ ਸੇਵਾ ਭਾਵਨਾ ਨਾਲ ਉਹਨਾਂ ਦਾ ਮਨ ਜਿੱਤ ਲਿਆ। ਉਹਨਾਂ ਨੇ ਤਬਲੇ ਦੀ ਬੇਸ਼ੁਮਾਰ ਸਮੱਗਰੀ ਇਹਨਾਂ ਨੂੰ ਬਖਸ਼ਿਸ਼ ਕੀਤੀ। ਪਟਿਆਲੇ ਪ੍ਰਸਿੱਧ ਤਬਲਾ ਉਸਤਾਦ ਸ੍ਰ. ਕ੍ਰਿਪਾਲ ਸਿੰਘ ਜੀ ਅਤੇ ਉਸਤਾਦ ਪ੍ਰੇਮ ਸਿੰਘ ਪਤੰਗਾ ਜੀ ਤੋਂ ਵੀ ਆਪ ਸਿਖਦੇ ਰਹੇ।

ਇਸ ਤਰ੍ਹਾਂ ਅਨੇਕਾਂ ਗੁਨੀਜਨਾਂ ਦੀ ਮਿਹਰ ਰਹਿਮਤ ਸਦਕਾ ਆਪ ਸੰਗੀਤਕ ਕਲਾ ਵਿੱਚ ਨਿਪੁੰਨ ਹੋ ਗਏ। 1977 ਵਿੱਚ ਇਹਨਾਂ ਦੀ ਗੌਰਮਿੰਟ ਗਰਲਜ਼ ਕਾਲਜ਼ ਲੁਧਿਆਣਾ ਵਿਖੇ ਬਤੌਰ ਤਬਲਾ ਪਲੇਅਰ ਨਿਯੁਕਤੀ ਹੋ ਗਈ ਉਸ ਸਮੇ ਕਾਲਜ ਦੇ ਸੰਗੀਤ ਵਿਭਾਗ ਵਿੱਚ ਪੰਜਾਬ ਘਰਾਣੇ ਦੇ

ਖਲੀਫਾ ਉਸਤਾਦ ਪੰਡਤ ਚਿੰਤਾਮਣੀ ਜੀ, ਸ: ਰਣਜੀਤ ਸਿੰਘ, ਸ: ਜਤਿੰਦਰਪਾਲ ਸਿੰਘ (ਸਪੁੱਤਰ ਭਾਈ ਦਲੀਪ ਸਿੰਘ, ਸ੍ਰੀ ਸੁਧੀਰ ਕੋਸ਼ਲ, ਮੈਡਮ ਜੱਸਵਾਲ, ਮੈਡਮ ਅਜੀਤ ਕੌਰ ਸਨ। ਇਸ ਸੰਗੀਤ ਪ੍ਰਵਾਰ ਵਿੱਚ ਬੜਾ ਸੋਹਣਾ ਸਮਾ ਗੁਜਰਿਆ। ਇਥੇ ਹੀ ਪ੍ਰਸਿਧ ਕਲਾਕਾਰ ਪੰਡਤ ਸ੍ਰੀ ਭੀਮ ਸੈਨ ਜੋਸ਼ੀ, ਪਦਮ ਸ੍ਰੀ ਉਸਤਾਦ ਸੋਹਣ ਸਿੰਘ ਜੀ, ਸ੍ਰੀ ਬਲਰਾਮ ਪਾਠਕ, ਸ੍ਰੀ ਅੰਜਲੀ ਬੈਨਰਜੀ ਅਤੇ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਹੁਰਾਂ ਨੂੰ ਨੇੜੇ ਹੋ ਕੇ ਮਿਲਨ ਅਤੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਇਥੇ ਹੀ ਰਾਗੀ ਜੀ ਨੇ ਪੰਡਤ ਚਿੰਤਾਮਣੀ ਜੀ ਪਾਸੋਂ ਗੁਰੂ ਸ਼ਿਸ਼ ਪ੍ਰੰਪਰਾ ਅਨੁਸਾਰ ਹਾਸਿਲ ਕੀਤੀ।

1979 ਅਕਾਲ ਡਿਗਰੀ ਕਾਲਜ ਫਾਰ ਵੋਮੈਨ ਸੰਗਰੂਰ ਵਿਖੇ ਬਤੌਰ ਤਬਲਾ ਪਲੇਅਰ ਨਿਯੁਕਤ ਹੋਏ। ਇਥੇ ਆਪ ਜੀ ਨੇ ਕਾਲਜ ਲਈ ਸ਼ਬਦ ਗਾਇਨ ਅਤੇ ਗਿੱਧੇ ਆਦਿ ਦੀਆਂ ਵਧੀਆਂ ਟੀਮਾਂ ਤਿਆਰ ਕੀਤੀਆਂ ਕੁਲੂ ਦੇ ਦੁਸਹਿਰੇ ਅਤੇ 26 ਜਨਵਰੀ ਨੂੰ ਨੈਸ਼ਨਲ ਪ੍ਰੇਡ ਦਿੱਲੀ ਭਾਗ ਲਿਆ।

ਇਹਨਾਂ ਸੇਵਾਵਾਂ ਸਦਕਾ ਪੰਜਾਬ ਸਰਕਾਰ ਵੱਲੋਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ। 1982 ਵਿੱਚ ਸਰਕਾਰੀ ਹਾਈ ਸਕੂਲ ਜੋਗਾ, ਸੰਗੀਤ ਅਧਿਆਪਕ ਨਿਯੁਕਤ ਹੋਏ। ਸਿਖਣ ਸਿਖਾਉਣ ਦੇ ਸਿਲਸਿਲੇ ਵਿੱਚ ਆਪਣੀ ਪੜ੍ਹਾਈ ਵੀ ਜਾਰੀ ਰੱਖੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ ਏ ਅਤੇ ਗਿਆਨੀ ਪਾਸ ਕੀਤੀ। ਬੀ ਏ ਮਿਊਜਿਕ ਅਤੇ ਸੰਗੀਤ ਵਿਸਾਰਦ, ਤਬਲਾ, ਸਿਤਾਰ ਵੋਕਲ ਦੀ ਡਿਗਰੀ ਹਾਸਲ ਕੀਤੀ।

1985 ਵਿੱਚ ਰਾਗੀ ਸਾਹਿਬ ਸੰਗੀਤ ਵਿਭਾਗ ਨੂੰ ਛੱਡ ਕੇ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਿੱਚ ਸਬ ਇੰਸਪੈਕਟਰ ਨਿਯੁਕਤ ਹੋ ਗਏ। ਸੰਗੀਤਕ ਸੇਵਾਵਾਂ ਵੀ ਜਾਰੀ ਰੱਖੀਆਂ। 1991 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਵੱਲੋਂ ਸਥਾਪਿਤ ਭਾਈ ਸਮੁੰਦ ਸਿੰਘ ਸੰਗੀਤ ਵਿਦਿਆਲੇ ਵਿੱਚ ਬਤੌਰ ਪ੍ਰਿੰਸੀਪਲ ਨਿਸਕਾਮ ਸੇਵਾ ਕਰਦੇ ਰਹੇ। ਅੱਜ ਕੱਲ ਗੁਰਮਤਿ ਸੰਗੀਤ ਵਿਦਿਆਲਾ ਚਲਾ ਰਹੇ ਹਨ ਇਹਨਾਂ ਦੇ ਅਨੇਕਾਂ ਵਿਦਿਆਰਥੀ ਸੰਗੀਤ ਖੇਤਰ ਵਿੱਚ ਚੰਗਾ ਨਾਮਣਾ ਖੱਟ ਰਹੇ ਹਨ। ਇਹਨਾਂ ਦੇ ਸਪੁੱਤਰ ਕਾਕਾ ਕੁਲਦੀਪ ਸਿੰਘ 'ਬੂਟਾ' ਬਹੁਤ ਵਧੀਆ ਤਬਲਾ ਵਾਦਕ ਹਨ। ਪਿਛਲੇ ਤਿੰਨ ਸਾਲਾ ਤੋਂ ਹਰਵਲਭ ਸੰਗੀਤ ਸੰਮੇਲਨ ਜਲੰਧਰ ਵਿੱਚ ਭਾਗ ਲੈ ਕੇ ਤੀਸਰਾ, ਦੂਸਰਾ ਸਥਾਨ ਪ੍ਰਾਪਤ ਕਰ ਚੁੱਕੇ ਹਨ।

ਗੁਰਮਤਿ ਸੰਗੀਤ ਦੇ ਮਹਾਨ ਉਸਤਾਦ ਰਾਗੀ ਸੁਰਜੀਤ ਸਿੰਘ ਜੀ 'ਚੀਮੇ ਸਾਹਿਬ ਵਾਲਿਆਂ' ਦੀ ਤਬਲੇ ਦੀ ਪੁਸਤਕ 'ਤਾਲ ਰਤਨ' ਪ੍ਰਕਾਸ਼ਿਤ ਕਰਾਉਣ ਵਿੱਚ ਵੀ ਰਾਗੀ ਸਾਹਿਬ ਦੇ ਪੂਰਨ ਸਹਿਯੋਗ ਦਿੱਤਾ। ਉਹਨਾਂ ਦੀਆਂ ਕਈ ਪੁਸਤਕਾਂ ਦੇ ਮੁੱਖ ਬੰਦ ਵੀ ਇਹਨਾਂ ਨੇ ਲਿਖੇ ਹਨ। ਪਿਛੇ ਜਿਹੇ ਬੈਕਾਂਕ, ਹਾਂਕਕਾਂਗ, ਸਿੰਘਾਪੁਰ, ਮਲੇਸ਼ੀਆ ਵਿਖੇ ਕੀਰਤਨ ਪ੍ਰਚਾਰ ਲਈ ਜਾ ਕੇ ਆਏ ਹਨ। ਅਨੇਕਾਂ ਸਿੱਖ ਸੰਸਥਾਵਾਂ ਅਤੇ ਸੰਗੀਤ ਸਾਹਿਤ ਸਭਾਵਾਂ ਵੱਲੋਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਹੈ।

ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀ ਰਾਗੀ ਸਾਹਿਬ ਨੂੰ ਚੜ੍ਹਦੀ ਕਲਾ ਵਿੱਚ ਰੱਖਣ, ਇਹ ਇਸੇ ਤਰ੍ਹਾਂ ਸੰਗੀਤ ਨੂੰ ਸਮਰਪਿਤ ਰਹਿਣ।

# ਵੀਹਵੀਂ ਸਦੀ ਦੇ ਕੀਰਤਨੀਆਂ ਦਾ ਸਾਥੀ ਹਰਮੋਨੀਅਮ


**ਹਰਜਾਪ ਸਿੰਘ ਔਜਲਾ**

ਨਿਊਜਰਸੀ
ਯੂ. ਐਸ. ਏ.


ਭਾਰਤ ਦੀ ਆਜ਼ਾਦੀ ਤੋਂ ਬਾਅਦ ਇੱਕ ਵਿਦਵਾਨ ਸ਼ਖਸੀਅਤ ਡਾਕਟਰ ਬੀ ਵੀ ਕੇਸਕਰ ਭਾਰਤ ਦੇ ਸੂਚਨਾ ਅਤੇ ਪ੍ਰਸਾਰ ਮੰਤਰੀ ਬਣੇ। ਉਹ ਭਾਰਤੀ ਕਲਾਸੀਕੀ ਸੰਗੀਤ ਤੋਂ ਨਾ ਸਿਰਫ਼ ਜਾਣੂੰ ਹੀ ਸਨ ਬਲਕੇ ਕਲਾਸੀਕੀ ਸੰਗੀਤ ਦੇ ਵੱਡੇ ਉਪਾਸ਼ਕ ਭੀ ਸਨ। ਉਨ੍ਹਾਂ ਨੇ ਆਉਂਦਿਆ ਸਾਰ ਹੀ ਇੱਕ ਅਹਿਮ ਫੈਸਲਾ ਕੀਤਾ ਜਿਸ ਰਾਹੀਂ ਉਨ੍ਹਾਂ ਨੇ ਆਕਾਸ਼ਵਾਣੀ ਦੇ ਤਮਾਮ ਰੇਡੀਓ ਸਟੇਸ਼ਨਾਂ ਤੇ ਹਰਮੋਨੀਅਮ ਦੀ ਬਤੌਰ ਸਾਜ਼ ਮਨਾਹੀ ਕਰ ਦਿੱਤੀ।

ਇਸ ਫੈਸਲੇ ਦੇ ਪਿੱਛੇ ਇਹ ਤਰਕ ਸੀ ਕਿ ਭਾਰਤੀ ਕਲਾਸੀਕੀ ਸੰਗੀਤ ਵਾਸਤੇ ਸਹੀ ਸਹੀ ਸਾਥ ਭਾਰਤ ਦੇ ਪੁਰਾਤਨ ਤੰਤੀ ਸਾਜ਼ ਹੀ ਦੇ ਸਕਦੇ ਹਨ। ਹਰ ਗਾਉਣ ਵਾਲੇ ਦੀਆਂ ਸੁਰਾਂ ਅਤੇ ਰਾਗ ਦੀ ਪ੍ਰਕਿਰਤੀ ਦੇ ਮੁਤਾਬਕ ਸਹੀ ਸੰਗਤ ਕੇਵਲ ਭਾਰਤੀ ਸਾਜ਼ ਯਾਨੀ ਸਾਰੰਗੀ, ਦਿਲਰੁਬਾ, ਵੱਖ ਵੱਖ ਵੀਣਾ, ਸਰੋਦ, ਤਾਊਸ ਅਤੇ ਸਿਤਾਰ ਹੀ ਕਰ ਸਕਦੇ ਹਨ। ਡਾਕਟਰ ਕੇਸਕਰ ਦੇ ਅਨੁਸਾਰ ਉਹ ਸਾਜ਼ ਕੀ ਜਿਸਨੂੰ ਮਿਹਨਤ ਕਰਕੇ ਸੁਰ ਨਾ ਕੀਤਾ ਜਾ ਸਕੇ।

ਹਾਰਮੋਨੀਅਮ ਇੱਕ ਪਿਆਨੋ ਦਾ ਹੀ ਛੋਟਾ ਜਿਹਾ ਸਰੂਪ ਹੈ ਜਿਸ ਵਿਚ ਨਾ ਤਾਂ ਪਿਆਨੋ ਜੇਹੀ ਸੰਜੀਦਗੀ ਹੈ ਅਤੇ ਨਾ ਹੀ ਭਾਰਤੀ ਤੰਤੀ ਸਾਜ਼ਾਂ ਜੇਹੀ ਸੁਰਾਂ ਦੀ ਬਾਰੀਕੀ ਅਤੇ ਗਾਇਕ ਕਲਾਕਾਰ ਨਾਲ ਮਿਲਤ ਹੈ। ਇੱਥੇ ਗੱਲ ਬੜੀ ਦਿਲਚਸਪ ਹੈ ਕਿ ਡਾਕਟਰ ਕੇਸਕਰ ਨੇ ਵਾਇਓਲਿਨ ਜਹੇ ਪੱਛਮੀ ਤੰਤੀ ਸਾਜ਼ਾਂ ਦੀ ਆਲ ਇੰਡੀਆਂ ਰੇਡੀਓ ਤੇ ਮਨਾਹੀ ਨਹੀਂ ਕੀਤੀ। ਸ਼ਾਇਦ ਵਾਇਓਲਿਨ ਉਨ੍ਹਾਂ ਦੀ ਕਸਵੱਟੀ ਤੇ ਉਤਰਦੀ ਸੀ। ਖ਼ੈਰ ਵਜ਼ੀਰ ਉਹ ਬੇਮਿਸਾਲ ਸਨ, ਸੁਘੜ ਸਨ ਸਿਆਣੇ ਸਨ।

ਗੁਰੂ ਘਰ ਦੇ ਕੀਰਤਨੀਏ ਸ਼ੁਰੂ ਸ਼ੁਰੂ ਵਿੱਚ ਰਬਾਬ ਦੇ ਸੰਗ ਗਾਇਆ ਕਰਦੇ ਸਨ। ਉਹ ਸਮਾਂ ਸੀ ਜਦੋਂ ਤਬਲਾ ਜਾਂ ਢੋਲਕ ਕੀਰਤਨ ਦਾ ਸਾਥੀ ਸਾਜ਼ ਨਹੀਂ ਸੀ। ਪਰ ਜਿਉਂ ਜਿਉਂ ਕੀਰਤਨ ਕਲਾ ਮੰਝਦੀ ਗਈ ਤਿਓਂ ਤਿਓਂ ਹੀ ਰਬਾਬ ਪਛੜਦੀ ਗਈ ਅਤੇ ਹੋਰ ਤੰਤੀ ਸਾਜ਼ ਕੀਰਤਨੀਆਂ ਦਾ ਸੰਗ ਕਰਨ ਲੱਗ ਪਏ। ਨਾਲੋਂ ਨਾਲ ਹੀ ਤਾਲ ਦੀ ਖ਼ਾਤਿਰ ਤਬਲਾ, ਪਖਾਵਜ਼, ਮ੍ਰਿਦੰਗ ਅਤੇ ਢੋਲਕ ਦਾ ਸੰਗ ਬਣਦਾ ਰਿਹਾ। ਇਹ ਸਿਲਸਿਲਾ ਸਮੇਂ ਦੇ ਨਾਲ ਹੋਰ ਪੁਖਤਗੀ ਵੱਲ ਵਧਿਆ।

ਵੀਹਵੀਂ ਸਦੀ ਵਿੱਚ ਹਾਰਮੋਨੀਅਮ ਸਾਜ਼ ਅੰਗਰੇਜ਼ ਨੇ ਭਾਰਤ ਵਿੱਚ ਵਿਚਰਤ ਕੀਤਾ। ਹਾਰਮੋਨੀਅਮ ਵਜਾਉਣਾ ਸੌਖਾ ਸੀ। ਭਾਰਤ ਵਿੱਚ ਸੰਗੀਤ ਦੇ ਰਿਕਾਰਡ ਤਕਰੀਬਨ 1908 ਵਿੱਚ ਬਣਨੇ ਸ਼ੁਰੂ ਹੋਏ। ਸ਼ੁਰੂ ਸ਼ੁਰੂ ਦੇ ਸੰਗੀਤ ਦੇ ਰਿਕਾਰਡਾਂ ਵਿੱਚ ਤੰਤੀ ਸਾਜ਼ਾਂ ਦੇ ਨਾਲ ਹੀ ਹਾਰਮੋਨੀਅਮ ਦੀਆਂ ਆਵਾਜ਼ਾਂ ਭੀ ਸੁਣਨ ਨੂੰ ਮਿਲਦੀਆਂ ਹਨ। ਇੱਕ ਕੌਂਪੈਕਟ ਡਿਸਕ ਛਪੀ ਹੈ ਜਿਸ ਵਿਚ 1908 ਤੋਂ 1928 ਤੱਕ ਦੀਆਂ ਰਿਕਾਰਡਿੰਗਜ਼ ਹਨ। ਇਨ੍ਹਾਂ ਵਿਚੋਂ ਅਧਿਕਾਂਸ਼ ਵਿਚ ਹਾਰਮੋਨੀਅਮ ਭੀ ਸੁਣਨ ਨੂੰ ਮਿਲਦਾ ਹੈ। ਇੰਜ ਸਮਝੋ ਕਿ ਭਾਰਤ ਵਿੱਚ ਹਾਰਮੋਨੀਅਮ ਦਾ ਆਗਾਜ਼ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਹੀ ਹੋਇਆ।

ਭਾਈ ਸਮੁੰਦ ਸਿੰਘ ਜੀ ਭੀ ਦੱਸਦੇ ਸਨ ਕਿ ਉਨ੍ਹਾਂ ਨੇ 1920 ਦੇ ਕਰੀਬ ਹਾਰਮੋਨੀਅਮ ਖ਼ਰੀਦਿਆ ਜੋ ਉਮਰ ਭਰ ਉਨ੍ਹਾਂ ਦਾ ਕੀਰਤਨ ਦਾ ਸਾਥੀ ਰਿਹਾ। ਪਰ ਆਕਾਸ਼ਵਾਣੀ ਜਲੰਧਰ ਤੇ ਉਹ ਵਾਇਓਲਿਨ ਦਾ ਸਾਥ ਭੀ ਮੰਗਿਆ ਕਰਦੇ ਸਨ ਅਤੇ ਦਿੱਲੀ ਸਟੇਸ਼ਨ ਤੇ ਉਨ੍ਹਾਂ ਦਾ ਸੰਗ ਸਾਰੰਗੀ ਮਾਸਟਰ ਕਰਿਆ ਕਰਦੇ ਸਨ। ਲਖਨਊ ਸਟੇਸ਼ਨ ਤੇ ਭੀ ਸਾਰੰਗੀ ਜਾਂ ਦਿਲਰੁਬਾ ਉਨ੍ਹਾਂ ਦੇ ਸੰਗ ਵੱਜਦਾ ਸੀ। ਅਸੀਂ ਇਹ ਨਹੀਂ ਆਖਦੇ ਕਿ ਰਾਗੀ ਸਿੰਘ ਹਰਮੋਨੀਅਮ ਛੱਡ ਦੇਣ, ਪਰ ਉਹ ਤੰਤੀ ਸਾਜ਼ਾਂ ਤੋਂ ਕਿਨਾਰਾਕਸ਼ੀ ਨਾ ਕਰਨ। ਅੱਜ ਇਲੈਕਟ੍ਰੌਨਿਕ ਤਾਨਪੂਰਾ ਭੀ ਆਇਆ ਹੈ ਜੋ ਮਾੜਾ ਨਹੀਂ।

ਭਾਈ ਜਵਾਲਾ ਸਿੰਘ ਹੋਰਾਂ ਭੀ ਹਾਰਮੋਨੀਅਮ ਆਪਣੇ ਔਰਕੈਸਟਰੇ ਵਿੱਚ 1920 ਦੇ ਕਰੀਬ ਹੀ ਸ਼ਾਮਿਲ ਕੀਤਾ ਸੀ, ਇਹ ਗੱਲ ਉਨ੍ਹਾਂ ਦੇ ਬੇਟੇ ਭਾਈ ਅਵਤਾਰ ਸਿੰਘ ਹੋਰਾਂ ਦੱਸੀ। ੴ

# ਭਲੋ ਭਲੋ ਰੇ ਕੀਰਤਨੀਆ:

## ਮਹੰਤ ਸੁਰਿੰਦਰ ਸਿੰਘ ਜੀ ਮਿੱਠਾ ਟਿਵਾਣਾ ਸ੍ਰੀ ਅੰਮ੍ਰਿਤਸਰ


ਚਰਨਜੀਤ ਸਿੰਘ

1442, ਪੰਜਾਬ ਸਿੰਘ ਸਟਰੀਟ
ਬਾਬਾ ਸਾਹਿਬ ਚੌਂਕ, ਸ੍ਰੀ ਅੰਮ੍ਰਿਤਸਰ


ਗੁਰੂ ਸਾਹਿਬਾਨ ਨੇ ਰਾਗ ਨੂੰ ਰਥ ਤੇ ਸ਼ਬਦ ਨੂੰ ਉਸ ਦੀ ਸਵਾਰੀ ਵਜੋਂ ਵਿਕਸਿਤ ਕੀਤਾ ਸੀ। ਪਰ ਅਜੋਕੇ ਕਲਾਸੀਕਲ ਰਾਗਾਂ ਦੇ ਮਾਹਿਰ ਕੀਰਤਨੀਏ ਸ਼ਬਦ ਦੇ ਰਥ ਤੇ ਰਾਗ ਦੀ ਸਵਾਰੀ ਕਰਵਾ ਰਹੇ ਹਨ। ਇਹ ਸ਼ਬਦ ਹਨ ਸੇਵਾ ਪੰਥੀ ਡੇਰਾ ਮਿੱਠਾ ਟਿਵਾਣਾ ਦੇ ਅਜੋਕੇ ਗਦੀ ਨਸ਼ੀਨ ਤੇ ਗੁਰੂ ਘਰ ਦੇ ਕੀਰਤਨੀਏ ਸੰਤ ਸੁਰਿੰਦਰ ਸਿੰਘ ਮਿੱਠਾ ਟਿਵਾਣਾ ਦੇ। ਜਦ ਵੀ ਅਮ੍ਰਿਤਸਰ ਵਿਚਲੇ ਕੀਰਤਨੀ ਜੱਥਿਆਂ ਦੀ ਗੱਲ ਚੱਲਦੀ ਹੈ ਤਾਂ ਸੰਤ ਸੁਰਿੰਦਰ ਸਿੰਘ ਮਿਠਾ ਟਿਵਾਣਾ ਦਾ ਨਾਮ ਬੜੀ ਹੀ ਸ਼ਰਧਾ ਤੇ ਪ੍ਰੇਮ ਨਾਲ ਕੀਰਤਨ ਰਸੀਆਂ ਵਿਚ ਲਿਆ ਜਾਂਦਾ ਹੈ। ਅਮ੍ਰਿਤ ਕੀਰਤਨ ਦੇ ਪਾਠਕਾਂ ਲਈ ਸੰਤ ਜੀ ਨਾਲ ਹੋਈ ਗੱਲ ਬਾਤ:-

**ਸਵਾਲ:-** ਸੰਤ ਜੀ ਸਭ ਤੋਂ ਪਹਿਲਾਂ ਆਪਣੇ ਪ੍ਰੀਵਾਰ, ਪਿਛੋਕੜ ਬਾਰੇ ਦਸੋ?

**ਜਵਾਬ:-** ਮੇਰਾ ਜਨਮ 1 ਫਰਵਰੀ 1969 ਨੂੰ ਸਿੱਖੀ ਦੇ ਧੁਰੇ ਸ੍ਰੀ ਗੋਇੰਦਵਾਲ ਸਾਹਿਬ ਵਿਚ ਮਾਤਾ ਲਾਲ ਕੌਰ ਜੀ ਦੀ ਕੁਖੋਂ ਸ੍ਰ. ਭੋਜਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੁਢਲੀ ਵਿਦਿਆ ਵੀ ਮੈਂ ਗੋਇੰਦਵਾਲ ਸਾਹਿਬ ਤੋਂ ਹੀ ਪ੍ਰਾਪਤ ਕੀਤੀ ਅਸੀਂ ਚਾਰ ਭਰਾ ਤੇ 4 ਹੀ ਭੈਣਾਂ ਹਨ।

**ਸਵਾਲ:-** ਕੀਰਤਨ ਨਾਲ ਕਦੋਂ ਤੇ ਕਿਵੇਂ ਜੁੜੇ?

**ਜਵਾਬ:-** ਮੇਰਾ ਪ੍ਰੀਵਾਰਕ ਮਹੌਲ ਹੀ ਕੁਝ ਅਜਿਹਾ ਵਿਰਾਸਤ ਵਿਚ ਮਿਲਿਆ। ਜਿਸ ਤੋਂ ਮੈਂ ਆਪਣੇ ਆਪ ਹੀ ਗੁਰੂ ਘਰ ਦੇ ਕੀਰਤਨੀਆਂ ਵਿਚ ਸ਼ਾਮਲ ਹੋ ਗਿਆ ਵੱਡੇ ਵੀਰ ਭਾਈ ਮਹਿੰਦਰ ਸਿੰਘ "ਸਾਗਰ" ਜੋ ਗੁਰੂ ਘਰ ਦੇ ਮਹਾਨਤਕ ਕੀਰਤਨੀਆਂ ਵਿਚ ਹਨ, ਨੂੰ ਰਿਆਜ਼ ਕਰਦੇ ਵੇਖ ਕੇ ਮੇਰਾ ਜੀ ਵੀ ਕੀਰਤਨ ਨੂੰ ਅਕਸਰ ਲੋਚਦਾ।

**ਸਵਾਲ:-** ਸੇਵਾ ਪੰਥੀ ਸੰਪਰਦਾ ਦੇ ਸੰਪਰਕ ਵਿਚ ਕਦੋਂ ਆਏ?

**ਜਵਾਬ:-** ਸੰਨ 1978 ਵਿਚ ਮੇਰੀ ਸਿਮਰਨ ਤੇ ਕੀਰਤਨ ਪ੍ਰਤੀ ਰੁਚੀ ਨੂੰ ਵੇਖਦੇ ਹੋਏ ਮੇਰੇ ਪਿਤਾ ਜੀ ਮੈਨੂੰ ਮਹੰਤ ਤਾਰਾ ਸਿੰਘ ਜੀ ਪਾਸ ਡੇਰਾ ਹਰੀ ਭਗਤ ਪੁਰਾ ਹੁਸ਼ਿਆਰਪੁਰ ਵਿਖੇ ਛਡ ਆਏ ਜਿਥੇ ਮੈਂ ਵਿਦਿਆਰਥੀਆਂ ਨਾਲ ਗੁਰਬਾਣੀ ਤੇ ਸੁਰਾਂ ਦਾ ਗਿਆਨ ਹਾਸਲ ਕਰਦਾ ਸੀ। 1982 ਵਿਚ ਡੇਰਾ ਮਿਠਾ ਟਿਵਾਣਾ ਅੰਮ੍ਰਿਤਸਰ ਦੇ ਮਹੰਤ ਦਇਆ ਸਿੰਘ ਜੀ ਮੈਨੂੰ ਮਹੰਤ ਤਾਰਾ ਸਿੰਘ ਹੋਰਾਂ ਪਾਸੋਂ ਲੈ ਆਏ ਅਤੇ ਕੀਰਤਨ ਪ੍ਰਤੀ ਮੇਰੀ ਲਗਨ ਵੇਖਦੇ ਹੋਏ ਉਹਨਾਂ ਮੈਨੂੰ ਭਾਈ ਜੋਗਿੰਦਰ ਸਿੰਘ ਤਲਵਾੜਾ ਪਾਸ ਕੀਰਤਨ ਸਿੱਖਣ ਲਈ ਭੇਜਣਾ ਸ਼ੁਰੂ ਕਰ ਦਿੱਤਾ।

**ਸਵਾਲ:-** ਆਪ ਦੀਆਂ ਅੱਜ ਤੀਕ ਕਿਤਨੀਆਂ ਕੈਸਟਾਂ ਮਾਰਕੀਟ ਵਿਚ ਆਈਆਂ ਹਨ?

**ਜਵਾਬ:-** ਮੇਰੀਆਂ ਕਰੀਬ ਪੰਦਰਾਂ ਕੁ ਕੈਸਟਾਂ ਅੱਜ ਮਾਰਕੀਟ ਵਿਚ ਚੱਲ ਰਹੀਆਂ ਹਨ।

**ਸਵਾਲ:-** ਸਭ ਤੋਂ ਪਹਿਲੀ ਕੈਸਟ ਕਦੋਂ ਤੇ ਕਿਸ ਕੰਪਨੀ ਨੇ ਤਿਆਰ ਕੀਤੀ।

**ਜਵਾਬ:-** ਸਭ ਤੋਂ ਪਹਿਲੀ ਕੈਸਟ ਸੰਨ 1988 ਵਿਚ ਅੰਮ੍ਰਿਤਸਰ ਦੀ ਇੱਕ ਲੋਕਲ ਕੰਪਨੀ ਨੇ ਕੱਢੀ ਸੀ। ਜਿਸਦਾ ਨਾਮ ਸੀ 'ਜਾ ਕਾ ਮੀਤ ਸਾਜਨ ਹੈ ਸਮੀਆਂ'

**ਸਵਾਲ:-** ਡੇਰਾ ਮਿਠਾ ਟਿਵਾਣਾ ਦੇ ਮਹੰਤ ਕਦੋਂ ਤੇ ਕਿਨਾ ਹਾਲਤਾਂ ਵਿਚ ਬਣੇ?

**ਜਵਾਬ:-** ਸੰਨ 1995 ਵਿਚ ਡੇਰੇ ਦੇ ਮਹੰਤ ਦਇਆ ਸਿੰਘ ਜੀ ਇਕ ਸੰਖੇਪ ਬੀਮਾਰੀ ਕਾਰਨ ਚੜ੍ਹਾਈ ਕਰ ਗਏ ਸੋ ਸੇਵਾ ਪੰਥੀ ਸੰਪਰਦਾ ਦੀ ਪ੍ਰੰਪਰਾ ਅਨੁਸਾਰ ਤੇ ਸਾਰੇ ਵਿਦਿਆਰਥੀਆਂ ਵਿਚੋਂ ਸੀਨਿਅਰ ਹੋਣ ਕਾਰਨ ਮਹੰਤ ਤਾਰਾ ਸਿੰਘ ਜੀ ਦੇ ਆਦੇਸ਼ ਅਨੁਸਾਰ ਇਹ ਸੇਵਾ ਮੈਨੂੰ ਸੌਂਪੀ ਗਈ।

**ਸਵਾਲ:-** ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਤੇ ਕੀਰਤਨੀ ਜੱਥਿਆਂ ਨੇ ਕੀ ਕੀ ਪ੍ਰੋਗਰਾਮ ਦਿੱਤੇ।

**ਜਵਾਬ:-** ਸੰਨ 1999 ਦਾ ਸਾਲ ਸਿੱਖ ਧਰਮ ਲਈ ਵਿਸ਼ੇਸ਼ ਮਹੱਤਵ ਰੱਖਦਾ ਸੀ ਉਦੋਂ ਖਾਲਸਾ ਪੰਥ ਨੇ ਆਪਣੀ 300 ਸਾਲਾ ਸਾਜਣਾ ਪੁਰਬ ਮਨਾਉਣਾ ਸੀ ਜਿੰਦਾ ਕੌਮਾਂ ਹੀ ਆਪਣੇ ਜਨਮ ਦਿਹਾੜੇ ਮਨਾਉਂਦੀਆਂ ਹਨ। ਅੰਮ੍ਰਿਤਸਰ ਦੇ ਰਾਗੀ ਜਥਿਆਂ ਨੇ ਇਕ ਅੰਮ੍ਰਿਤਸਰ ਕੀਰਤਨ ਕੌਂਸਲ ਦਾ ਗਠਨ ਕੀਤਾ ਜਿਸ ਦਾ ਮੁਖੀ ਮੈਨੂੰ ਥਾਪਿਆ ਗਿਆ ਅਸੀਂ 300 ਸਾਲਾ ਸਾਜਣਾ ਪੁਰਬ ਨੂੰ ਸਮਰਪਿਤ ਕਾਰਨ ਗਿਣਤ ਦਰਬਾਰ ਕੀਰਤਨ ਦਰਬਾਰ ਕਰਾਏ ਅਤੇ ਅਨਗਿਣਤ ਅਸਥਾਨਾਂ ਤੇ ਵੀ ਕੀਰਤਨ ਦੀ ਸੇਵਾ ਨਿਭਾਈ।

**ਸਵਾਲ:-** ਸੰਗਤ ਨੂੰ ਕੋਈ ਸੰਦੇਸ਼।

**ਜਵਾਬ:-** ਸਾਧ ਸੰਗਤ ਦੇਹਧਾਰੀ ਗੁਰੂ ਡੰਮ ਨੂੰ ਛੱਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ ਕਿਉਂਕਿ ਇਹ ਦੇਹਧਾਰੀ ਗੁਰੂ ਡੰਮ ਤਾਂ ਕੂੜ ਦਾ ਪ੍ਰਚਾਰ ਹੈ ਅੰਮ੍ਰਿਤਧਾਰੀ ਹੋ ਕੇ ਗੁਰੂ ਦੇ ਲੜ ਲਗੀਏ।

# ਪੁਸਤਕ ਸਮੀਖਿਆ

**ਪੁਸਤਕ** : ਅੰਤਿਮ ਲੜਾਈ **ਲੇਖਕ** : ਸ਼ਿਵ ਨਾਥ
**ਕੀਮਤ** : 75 ਰੁਪਏ (ਸਜਿਲਦ) 50 ਰੁਪਏ (ਪੇਪਰ ਬੈਕ)
**ਪੰਨੇ** : 95 **ਪ੍ਰਕਾਸ਼ਕ** : ਕੁਕਨੁਸ ਪ੍ਰਕਾਸ਼ਨ, ਜਲੰਧਰ

**ਡਾ. ਗੁਰਮੀਤ ਸਿੰਘ ਬੈਦਵਾਣ**
ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ
ਜ਼ਿਲ੍ਹਾ ਫਤਹਿਗੜ੍ਹ ਸਾਹਿਬ

ਆਪਣੇ ਕਾਵਿ-ਪੱਤਰਿਆਂ ਤੇ ਬੋਝਲ ਹਵਾ ਦਾ ਭਾਰ ਢੋਣ ਵਾਲਾ, ਬਦਤਮੀਜ਼ਾਂ ਸੰਗ ਤਹਿਜ਼ੀਬ ਦੀ ਲੜਾਈ ਲੜਨ ਵਾਲਾ, ਆਪਣੇ ਵਜੂਦ ਨੂੰ ਕਤਰੇ ਤੱਕ ਸੀਮਤ ਰੱਖਣ ਵਾਲਾ, ਆਰ ਪਾਰ ਦੀ ਕਹਾਣੀ ਪਾਉਣ ਵਾਲਾ, ਗੀਤ ਦੀ ਮੌਤ ਦਾ ਮਰਸੀਆ ਮਨਾਉਣ ਵਾਲਾ, ਭੁੱਲੇ ਵਿਸਰੇ ਲੋਕਾਂ ਨਾਲ ਜਾਣ ਪਛਾਣ ਕਰਾਉਣ ਵਾਲਾ, ਅਲਬੇਲੇ ਵਰਕਿਆਂ ਨੂੰ ਪਾਠਕਾਂ ਦੀ ਨਜ਼ਰ ਕਰਨ ਵਾਲਾ, ਸੁਜਾਨ ਸਿੰਘ ਨਾਲ ਬੀਤੇ ਦਸ ਵਰ੍ਹਿਆਂ ਦੀ ਦਾਸਤਾਨ ਸੁਣਾਉਣ ਵਾਲਾ ਸ਼ਿਵ ਨਾਥ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਹਥਲੀ ਪੁਸਤਕ ਰਾਹੀਂ 'ਅੰਤਿਮ ਲੜਾਈ' ਲੜਨ ਲਈ ਉਹ ਸ਼ਬਦ-ਬਾਣ ਲੈ ਰਣਤੱਤੇ ਵਿੱਚ ਉਤਰਿਆ ਹੈ।

ਸ਼ਿਵ ਨਾਥ ਵਿੱਚ ਕੋਈ ਤੱਤ ਭੜੱਤ ਨਹੀਂ ਤੇ ਨਾ ਹੀ ਲੋਕ ਦਿਖਾਵਾ ਹੈ। ਸਾਇਕਲ ਤੇ ਸਵਾਰ ਹੋ ਉਹ ਸਹਿਜ ਅਤੇ ਸਾਹਿਤ ਦੇ ਸੰਗਮ ਦੀ ਅਜਿਹੀ ਮਿੱਠੀ ਸੁਰ ਅਲਾਪਦਾ ਹੈ ਕਿ ਇੱਕ ਵਾਰ ਤਾਂ ਉਸੇ ਦਾ ਹੋ ਜਾਣ ਨੂੰ ਮਨ ਉਤਾਵਲਾ ਹੋ ਉੱਠਦਾ ਹੈ। ਅਸਲ ਸਾਹਿਤਕਾਰ ਉਹੀ ਹੁੰਦਾ ਹੈ ਜੋ ਆਮ ਪਾਠਕ ਨੂੰ ਆਪਣੀ ਗੱਲ ਸਮਝਾ ਸਕੇ। ਅਜਿਹਾ ਹੀ ਰੁਝਾਨ ਹਥਲੀ ਪੁਸਤਕ ਵਿੱਚ ਹੋਇਆ ਮਿਲਦਾ ਹੈ। ਸ਼ਿਵ ਨਾਥ ਕਹਿੰਦਾ ਹੈ ਕਿ ਪ੍ਰਕ੍ਰਿਤੀ ਦੀ ਨਕਲ ਠੀਕ ਨਹੀਂ ਕਿਉਂਕਿ ਇਸ ਨਾਲ ਤਾਂ ਕਿਸੇ ਦਿਨ ਮਨੁੱਖ ਆਪਣੇ ਆਪ ਤੋਂ ਵੀ ਧੋਖਾ ਖਾ ਜਾਵੇਗਾ ਤੇ ਦੂਜਾ ਬਣਾਵਟੀ ਵਸਤਾਂ ਪ੍ਰਕ੍ਰਿਤਕ ਵਸਤਾਂ ਜਿੰਨਾ ਸੁਹਜ ਸਵਾਦ ਹੀ ਨਹੀਂ ਦੇ ਸਕਣਗੀਆਂ। ਸਾਇਕਲ ਦੇ ਹੈਂਡਲ 'ਤੇ ਲਟਕੇ ਝੋਲੇ ਵਿਚੋਂ ਉਹ ਸ਼ਬਦਾਂ ਦੇ ਤੀਰ ਕੱਢ ਕੇ ਨਿਸ਼ਾਨੇ 'ਤੇ ਮਾਰਦਾ ਹੈ। ਲੀਡਰਾਂ ਤੇ ਭੇਖੀ ਸੰਤਾਂ ਨੂੰ ਲੋਕਾਂ ਦੇ ਭਲੇ ਲਈ ਕੰਮ ਕਰਨ ਵਾਸਤੇ ਕਹਿੰਦਾ ਹੈ। ਉਸਦਾ ਕਹਿਣਾ ਹੈ ਕਿ ਜਨਤਾ ਨੂੰ ਫਿਰਕੂ ਤੇ ਮੂਰਖ ਬਣਾ ਕੇ, ਮਜ਼ਦੂਰਾਂ ਦੀ ਨਿਰਾਦਰੀ ਕਰਕੇ ਚੌਧਰਾਂ ਬਹੁਤੀ ਦੇਰ ਕਾਇਮ ਨਹੀਂ ਰਹਿਣਗੀਆਂ। ਮਨੁੱਖ ਹਿੰਮਤ ਕਰੇ, ਆਤਮ ਚਿੰਤਨ ਕਰੇ, ਕਲਿਆਣਕਾਰੀ ਸਾਹਿਤ ਰਚਿਆ ਜਾਵੇ, ਸਾਰਥਕ ਸੋਚ ਦੇ ਧਾਰਨੀ ਬਣਿਆ ਜਾਵੇ। ਲੇਖਕ ਦਾ ਵਿਚਾਰ ਹੈ ਕਿ ਵੇਖਣ ਨੂੰ ਨਮੋਸ਼ ਤੇ ਲਾਚਾਰ ਵਿਅਕਤੀਆਂ ਵਿੱਚ ਵੀ ਕੁਝ ਕਰਨ ਦੀ ਸਮਰਥਾ ਹੁੰਦੀ ਹੈ, ਅਗਰ ਉਹ ਵੀ ਚਾਨਣੀ ਸੋਚ ਨਾਲ ਜੁੜਨ ਤਾਂ ਜ਼ਿੰਦਗੀ ਦੀਆਂ ਤ੍ਰਿਕਾਲਾਂ ਵੀ ਬਚਪਨ ਵਾਲੀਆਂ ਖੁਸ਼ੀਆਂ ਵਿੱਚ ਬਦਲ ਸਕਦੀਆਂ ਹਨ। ਸ਼ਿਵ ਨਾਥ ਇਸ ਪੁਸਤਕ ਵਿੱਚ ਇੱਕ ਥਾਂ ਲਿਖਦਾ ਹੈ ਕਿ ਅਸੱਭਿਅਕ ਵਰਤਾਰਾ ਕਰਨ ਵਾਲਿਆਂ ਦੇ ਮਾਨ ਸਨਮਾਨ ਉਸ ਲਈ ਉਦਾਸੀ ਤੇ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ। ਉਹ ਕਹਿੰਦਾ ਹੈ ਕਿ ਕਮਜ਼ੋਰਾਂ ਲਈ ਅੱਗੇ ਹੋ ਕੇ ਲੜਨ ਵਾਲੇ ਨੂੰ ਹੀ ਅਸਲੀ ਯੋਧੇ ਦਾ ਖਿਤਾਬ ਦੇਣਾ ਬਣਦਾ ਹੈ। ਲੇਖਕ ਬਾਲ ਮਜਦੂਰੀ ਪ੍ਰਤਿ ਬਹੁਤ ਚਿੰਤਤ ਹੈ ਕਿਉਂਕਿ ਉਹਨਾਂ ਦੇ ਵਿਕਾਸ ਦਾ ਕਿਧਰੇ ਉਪਰਾਲਾ ਨਹੀਂ ਹੋ ਰਿਹਾ। 'ਰਾਗ' ਬਾਰੇ ਆਪਣੀ ਇੱਕ ਕਵਿਤਾ ਵਿੱਚ ਉਹ ਲਿਖਦਾ ਹੈ ਕਿ ਰਾਗ ਤੋਂ ਬਗੈਰ ਜ਼ਿੰਦਗੀ ਵਿਰਾਨ ਹੈ। ਉਂਝ ਭਾਵੇਂ ਮਨੁੱਖ ਨੂੰ ਰਾਗ ਦੀ ਸਮਝ ਪਵੇ ਜਾਂ ਨਾ ਪਰ ਇਹ ਨਿਰੰਤਰ ਮਨੁੱਖ ਦੇ ਅੰਦਰ ਚਲ ਰਿਹਾ ਹੈ।

ਲੇਖਕ ਦਾ ਵਿਚਾਰ ਹੈ ਕਿ ਅਜੋਕਾ ਮਨੁੱਖ ਆਦਿ ਮਨੁੱਖ ਤੋਂ ਜ਼ਿਆਦਾ ਅਸੱਭਿਅਕ ਹੈ। ਆਦਿ-ਕਾਲ ਵਾਲਾ ਨੰਗੇਜ਼ ਮੁੜ ਸ਼ੁਰੂ ਹੋ ਗਿਆ ਹੈ। ਕੁਦਰਤ ਦੇ ਨੇਮਾਂ ਨੂੰ ਆਦਿ ਕਾਲ ਨਾਲੋਂ ਜ਼ਿਆਦਾ ਭੰਗ ਕੀਤਾ ਜਾ ਰਿਹਾ ਹੈ। ਅਜੋਕੀ ਵਿਗਿਆਨਿਕ ਸੋਚ ਵੀ ਫੋਕੇ ਕਰਮਾਂ ਕਾਂਡਾਂ ਨੂੰ ਛੁਡਾਉਣ ਵਿੱਚ ਸਫ਼ਲ ਨਹੀਂ ਹੋ ਸਕੀ। ਮਿਹਨਤ ਰਾਹੀਂ ਕਿਸਮਤ ਦੇ ਦਰਵਾਜ਼ੇ ਖੁੱਲ੍ਹਦੇ ਹਨ। ਸ਼ਿਵ ਨਾਥ ਨੇ ਰੁੱਖਾਂ ਦੇ ਪ੍ਰਤੀਕ ਰਾਹੀਂ ਜੋ ਗੱਲ ਸਮਝਾਈ ਹੈ ਉਹ ਬਹੁਤ ਸਾਰਥਕ ਹੈ। ਉਸਦਾ ਕਹਿਣਾ ਹੈ ਕਿ ਰੁੱਖਾਂ ਸਿਰ ਅਨੇਕਾਂ ਝੱਖੜ ਝੁੱਲੇ ਹਨ ਪਰ ਫਿਰ ਵੀ ਉਹ ਅਡੋਲ ਖੜ੍ਹੇ ਹਨ ਤੇ ਜੇ ਮਨੁੱਖ 'ਤੇ ਵੀ ਕਿਸੇ ਸਮੇਂ ਕੋਈ ਕਹਿਰ ਢਾਹੇ ਗਏ ਹੋਣ ਤਾਂ ਹਿੰਮਤ ਕਰਕੇ ਮੁੜ ਉੱਠ ਕੇ ਜੂਝਣਾ ਚਾਹੀਦਾ ਹੈ। ਸਿਕੰਦਰ ਤੇ ਪੋਰਸ ਦੀ ਕਾਵਿ-ਕਹਾਣੀ ਵੀ ਕਦਰਾਂ ਕੀਮਤਾਂ ਦੀ ਪੈਰਵੀ ਕਰਦੀ ਪ੍ਰਤੀਤ ਹੁੰਦੀ ਹੈ। ਲੇਖਕ ਕਹਿੰਦਾ ਹੈ ਕਿ ਮਨੁੱਖ ਦੀ ਵੱਡੀ ਗਲਤੀ ਇਹੋ ਹੈ ਕਿ ਉਹ ਗਲਤੀ ਕਰਕੇ ਪਛਤਾਵਾ ਨਹੀਂ ਕਰਦਾ।

ਸ਼ਿਵਨਾਥ ਸਾਫ ਸੁਥਰੇ ਤੇ ਸਿੱਧੇ ਸ਼ਬਦਾਂ ਵਿੱਚ ਬੜੇ ਪਤੇ ਦੀ ਗੱਲ ਕਰਦਾ ਹੈ। ਪੁਸਤਕ ਵਿਚਲੀ 'ਦਬੰਗ ਆਦਮੀ'

ਕਵਿਤਾ ਉਸ ਨੇ ਆਪਣੇ ਆਪ ਬਾਰੇ ਲਿਖੀ ਹੈ। ਸਮੇਂ ਦੀ ਨਿਰੰਤਰ ਤੋਰ ਵਾਂਗ ਹੀ ਉਸਨੇ ਆਪਣੀ ਤੋਰ ਨਿਰੰਤਰ ਕਾਇਮ ਰੱਖੀ ਹੈ। ਸਮੇਂ ਵਾਂਗ ਹੀ ਪ੍ਰਾਪਤੀਆਂ ਤੇ ਨਾ ਪ੍ਰਾਪਤੀਆਂ ਬਾਰੇ ਉਸ ਨੂੰ ਕੋਈ ਖੁਸ਼ੀ ਗਮੀ ਨਹੀਂ ਹੈ। ਉਹ ਲਿਖਦਾ ਹੈ;

"ਕਦੇ ਉਸ ਗੌਲਿਆ ਤੱਕ ਵੀ ਨਹੀਂ
ਆਪਣੀ ਨਾ-ਕਾਮੀ ਨੂੰ
ਤੇ ਨਾ ਹੀ ਕਾਮਯਾਬੀ ਨੂੰ
ਸਥਾਈ ਚੀਜ਼ ਗਿਣਿਆ ਹੈ।"

ਹੋਰ ਵੇਖੋ:-

"ਨਾ ਬਚਪਨ ਵੇਖਿਐ ਉਸ ਨੇ
ਨਾ ਤੱਕਦਾ ਹੈ ਬੁਢਾਪੇ ਨੂੰ
ਇਉਂ ਲਗਦੈ ਜਿਵੇਂ ਉਸ ਨੇ
*ਜਵਾਨੀ ਹੀ ਹੰਢਾਣੀ ਹੈ।*

ਉਪਰੋਕਤ ਪੜਚੋਲ ਤੋਂ ਪਤਾ ਚਲਦਾ ਹੈ ਕਿ ਸ਼ਿਵਨਾਥ ਸਮਾਜਿਕ ਬੁਰਾਈਆਂ ਪ੍ਰਤਿ ਚਿੰਤਾਤੁਰ ਹੁੰਦਾ ਹੋਇਆ ਉਹਨਾਂ ਦੇ ਸਮਾਧਾਨ ਲਈ ਕਾਰਗਾਰ ਸਾਧਨ ਜੁਟਾਂਦਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਖੇਤਰ ਵਿੱਚ ਸ਼ਿਵਨਾਥ ਦੀ ਪੁਸਤਕ 'ਅੰਤਿਮ ਲੜਾਈ' ਇੱਕ ਵਿਚਾਰਯੋਗ ਦਸਤਾਵੇਜ ਹੈ।

# 127ਵੇਂ ਬਾਬਾ ਹਰਿਬਲਭ ਸੰਗੀਤ ਪ੍ਰਤੀਯੋਗਤਾ ਵਿਚ ਸਿੱਖ ਯੁਵਕ ਕਲਾਕਾਰਾਂ ਦਾ ਸਥਾਨ

**ਗੁਰਜੰਤ ਸਿੰਘ ਰਾਹੀ**
ਗੁਰਮਤਿ ਸੰਗੀਤ ਵਿਦਿਆਲਾ
ਸੰਗਰੂਰ

ਸੰਗੀਤ ਰੂਹ ਦੀ ਖੁਰਾਕ ਹੈ ਇਸ ਨਾਲ ਰੂਹ ਦੀ ਤਰਿਪਤੀ ਹੁੰਦੀ ਹੈ। ਜਿਵੇਂ ਪੇਟ ਦੀ ਪੂਰਤੀ ਲਈ ਲੰਗਰ ਲਾਏ ਜਾਂਦੇ ਹਨ ਇਸੇ ਤਰਾਂ ਰੂਹ ਦੀ ਖੁਰਾਕ ਲਈ ਸੰਗੀਤ ਸੰਮੇਲਨ ਕਰਵਾਏ ਜਾਂਦੇ ਹਨ। ਬਾਬਾ ਹਰੀ ਬਲਭ ਸੰਗੀਤ ਸੰਮੇਲਨ 126 ਸਾਲਾਂ ਤੋਂ ਇਹ ਸੇਵਾ ਨਿਰੰਤਰ ਕਰਦਾ ਆ ਰਿਹਾ ਹੈ। ਇਸ ਸਟੇਜ ਤੇ ਜਿਥੇ ਉਚ ਕੋਟੀ ਦੇ ਗਾਇਕ ਵਾਦਕ ਆਪਣੀ ਕਲਾ ਦੁਆਰਾ ਆਪ ਵੀ ਹਾਜ਼ਰੀ ਭਰਦੇ ਹਨ ਉਥੇ ਨਾਲ ਹੀ ਯੁਵਕ ਕਲਾਕਾਰਾਂ ਨੂੰ ਉਤਸਾਹਤ ਕਰਨ ਲਈ ਪ੍ਰਤੀਯੋਗਤਾ ਦਾ ਅਯੋਜਨ ਕੀਤਾ ਜਾਂਦਾ ਹੈ। ਇਸ ਵਾਰ 127 ਵੇਂ ਬਾਬਾ ਹਰਿਬਲਭ ਸੰਗੀਤ ਪ੍ਰਤੀਯੋਗਤਾ 26 ਦਸੰਬਰ ਨੂੰ ਸ੍ਰੀ ਰਾਮ ਹਾਲ ਦੇਵੀ ਤਲਾਬ ਮੰਦਿਰ ਜਲੰਧਰ ਵਿਚ ਕਰਵਾਈ ਗਈ।

ਜਿਸ ਵਿਚ ਜੂਨੀਅਰ ਤੇ ਸੀਨੀਅਰ ਵਰਗ ਦੇ ਕਲਾਕਾਰਾਂ ਦਰਮਿਆਨ ਗਾਇਨ ਵਾਦਨ ਅਤੇ ਤਬਲਾ ਵਾਦਨ ਵਿਚ ਪ੍ਰਤੀਯੋਗਤਾ ਹੋਈ। ਇਸ ਵਿਚ ਸਾਰੇ ਭਾਰਤ ਵਿਚੋਂ ਯੁਵਕ ਭਾਗ ਲੈਣ ਲਈ ਆਉਂਦੇ ਹਨ ਇਸ ਵਾਰ ਵੀ ਜੰਮੂ ਕਸ਼ਮੀਰ, ਅਹਿਮਦਾਬਾਦ, ਕਲਕੱਤਾ, ਬਨਾਰਸ, ਫਰੁਖਾਬਾਦ, ਦਿੱਲੀ, ਚੰਡੀਗੜ੍ਹ, ਹਰਿਆਣਾ ਅਤੇ ਪੰਜਾਬ ਦੇ ਯੁਵਕ ਕਲਾਕਾਰਾਂ ਨੇ ਭਾਗ ਲਿਆ। ਇਨ੍ਹਾਂ ਕਲਾਕਾਰਾਂ ਦੀ ਕਲਾ ਨੂੰ ਸੰਗੀਤ ਦੀਆਂ ਬਰੀਕੀਆਂ ਅਤੇ ਕਲਾ ਦੀ ਕਸੌਟੀ ਤੇ ਪਰਖਣ ਲਈ ਉਚ ਕੋਟੀ ਦੇ ਸੰਗੀਤਕਾਰ ਡਾ. ਗੁਰਨਾਮ ਸਿੰਘ ਜੀ ਮੁਖੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ੍ਰੀ ਸਤੀਸ਼ ਸ਼ਰਮਾ ਜੋ ਕਿ ਸ਼ਿਮਲਾ ਵਿਖੇ ਸੰਗੀਤ ਦੇ ਪ੍ਰੋਫੈਸਰ ਹਨ ਜੋ ਸਿਤਾਰ ਅਤੇ ਤਬਲਾ ਵਾਦਨ ਅਤੇ ਅਧਿਆਪਨ ਵਿਚ ਮਾਹਰ ਹਨ, ਇਨਾਂ ਦੇ ਨਾਲ ਪ੍ਰਿ. ਅਜੀਤ ਕੁਮਾਰ ਹਾਂਡਾ ਜਿਨ੍ਹਾਂ ਦਾ ਸੰਗੀਤ ਖੇਤਰ ਵਿਚ ਵਿਸ਼ੇਸ਼ ਨਾਂ ਅਤੇ ਥਾਂ ਹੈ, ਨੂੰ ਵਿਸ਼ੇਸ਼ ਤੌਰ ਤੇ ਸੱਦਿਆ ਗਿਆ ਸੀ। ਇਨਾਂ ਪਾਰਖੂਆਂ ਨੇ ਲਗਾਤਾਰ ਸਾਰਾ ਸਾਰਾ ਦਿਨ ਬੈਠ ਕੇ ਇਕਾਗਰਤਾ ਨਾਲ ਸਾਰਿਆਂ ਨੂੰ ਸੁਣਿਆ ਅਤੇ ਨਿਰਣਾਇਕ ਦੀ ਕਠਿਨ ਸੇਵਾ ਨਿਭਾਈ। ਕਿਉਂਕਿ ਕਲਾਕਾਰ ਇਕ ਤੋਂ ਵੱਧ ਇਕ ਸੀ ਕੋਈ ਵੀ ਘਟ ਨਹੀ ਸੀ ਫਿਰ ਵੀ ਇਨਾਂ ਦੀਆਂ ਪਾਰਖੂ ਅੱਖਾਂ ਨੇ ਹੀਰਿਆਂ ਵਿੱਚ ਕੋਹਿਨੂਰ ਹੀਰਾ ਫਸਟ ਸੈਕਿੰਡ ਥਰਡ ਚੁਣ ਹੀ ਲਿਆ ਜਿਸ ਤੇ ਸਾਰਿਆਂ ਨੇ ਤਸੱਲੀ ਪ੍ਰਗਟਾਈ ਸ਼ੱਕ ਦੀ ਕੋਈ ਗੁੰਜਾਇਸ਼ ਨਹੀ ਛੱਡੀ।

ਜੂਨੀਅਰ ਵੋਕਲ ਵਿਚ 16 ਪ੍ਰਤੀਯੋਗੀਆਂ ਨੇ ਭਾਗ ਲਿਆ। ਜਿਸ ਵਿਚੋਂ ਪ੍ਰਥਮ ਕਸ਼ਿਸ਼ ਮਿਤਰ, ਦੂਜੇ ਅਮਨਦੀਪ ਸਿੰਘ ਅਤੇ ਸ਼ਰੁਤੀ ਕੁਮਾਰ ਤੀਜੇ ਨੰਬਰ ਤੇ ਰਹੀ। ਜੂਨੀਅਰ ਤਬਲਾ ਵਿਚ 9 ਪ੍ਰਤੀਯੋਗੀ ਸਨ ਜਿਨਾਂ ਵਿਚੋਂ ਮੁਨੀਸ਼ ਸਾਧੂ ਪ੍ਰਥਮ ਕੁਲਦੀਪ ਸਿੰਘ ਦੂਜੇ ਅਤੇ ਗੁਰਦੀਪ ਸਿੰਘ ਤੀਜੇ ਸਥਾਨ ਤੇ ਰਿਹਾ। ਸਾਜ਼ ਸੰਗੀਤ ਵਿਚ ਦੋ ਪ੍ਰਤੀਯੋਗੀ ਸਨ ਸਤਪਾਲ ਸਿੰਘ ਨਾਮਧਾਰੀ ਨੂੰ ਵਿਸ਼ੇਸ਼ ਇਨਾਮ ਮਿਲਿਆ। ਸੀਨੀਅਰ ਵੋਕਲ ਵਿਚ 23 ਪ੍ਰਤੀਯੋਗੀਆਂ ਵਿਚੋਂ ਅਮਜਦ ਅਲੀ ਖਾਂ ਪ੍ਰਥਮ, ਸਵਰਨਿਮਾ ਦੂਜੇ ਅਤੇ ਗੁਲਸ਼ਨ ਟੰਡਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਰਨ ਰਾਣਾ ਅਤੇ ਪ੍ਰਦੀਪ ਸ਼ਰਮਾ ਨੂੰ ਵਿਸ਼ੇਸ਼ ਇਨਾਮ ਦਿੱਤਾ। ਸੀਨੀਅਰ ਤਬਲਾ ਤੇ ਸਾਜ਼ ਸੰਗੀਤ ਵਿਚ 18-18 ਪ੍ਰਤੀਯੋਗੀ ਸਨ ਹਿਮਾਂਸ਼ੂ ਮਹੰਤ ਪਹਿਲੇ ਅਵਿਰ ਭਾਵ ਦੂਜੇ ਅਤੇ ਮਇਅੰਕ ਬਡੇਕਰ ਤੀਜੇ ਸਥਾਨ ਤੇ ਰਹੇ। ਕਰਿਸ਼ਨ ਕੁਮਾਰ ਅਤੇ ਮਧੁਰੇਸ਼ ਭਟ ਦੇ ਹਿਸੇ ਵਿਸ਼ੇਸ਼ ਇਨਾਮ ਆਇਆ।

ਇਸ ਸਾਰੀ ਪ੍ਰਤੀਯੋਗਤਾ ਵਿਚ ਸਿਖ ਯੁਵਕਾਂ ਦਾ ਵਿਸ਼ੇਸ਼ ਸਥਾਨ ਰਿਹਾ। ਸਾਰੇ ਪ੍ਰਤੀਯੋਗੀ ਗੁਰਮਤਿ ਸੰਗੀਤ (ਕੀਰਤਨ) ਨਾਲ ਸਬੰਧਤ ਸਨ। ਕੁਝ ਕੀਰਤਨੀਏ ਸਨ ਤੇ ਕੁਝ ਕੀਰਤਨੀਆਂ ਦੇ ਬੱਚੇ। ਜੂਨੀਅਰ ਵੋਕਲ ਵਿਚ ਅਮਰਿੰਦਰ ਸਿੰਘ ਬੋਦਲ ਨੇ ਰਾਗ ਸਰਸਵਤੀ ਗਾਇਆ ਜਿਸ ਦੀਆਂ ਤਾਨਾਂ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦਾ ਵਾਰਸ ਹੋਣ ਦੀ ਗਵਾਹੀ ਭਰਦੀਆਂ ਸਨ। ਕਾਕਾ ਸੋਨੂੰ ਦਾ ਤਬਲੇ ਤੇ ਵਜਾਇਆ ਸਾਥ ਵਜਨਦਾਰ ਸੀ। ਤਬਲਾ ਵਾਦਨ ਵਿਚ ਅਮਨਦੀਪ ਸਿੰਘ ਹਰਿਸਿਮਰਨ ਸਿੰਘ, ਮਨਦੀਪ ਸਿੰਘ, ਮਨਜਿੰਦਰ ਸਿੰਘ, ਗੁਰਮੀਤ ਸਿੰਘ ਨਾਮਧਾਰੀ, ਨਰਿੰਦਰ ਸਿੰਘ, ਸੁਰਿੰਦਰ ਸਿੰਘ ਨੇ ਤੀਨ ਤਾਲ ਵਜਾਇਆ। ਗੁਰਮੀਤ ਕੌਰ ਕੇਸਕੀਧਾਰੀ ਨੇ ਝਪਤਾਲ ਵਜਾ ਕੇ ਸਿੱਧ ਕੀਤਾ ਕਿ ਲੜਕੀਆਂ ਵੀ ਕਿਸੇ ਕੋਲੋਂ ਪਿਛੇ ਨਹੀ ਹਨ। ਕੁਲਦੀਪ ਸਿੰਘ ਬੂਟਾ ਨੇ ਏਕ ਤਾਲ ਵਿਚ ਕਾਇਦੇ ਪਰਨਾਂ ਤੋਂ ਬਿਨਾਂ ਦਸਮ ਗ੍ਰੰਥ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਨਰਾਜ਼ ਛੰਦ "ਕੜਾ ਕੜੀ ਕਿਰਪਾ ਣੰਯ। ਜਟਾ ਜੁਟੀ

ਜੁਆਣੰਯੰ। ਸ਼ਬੀਰ ਜਾਗੜਦੰ ਜਗੇ। ਲੜਾਕ ਨਾਗੜ ਦੰਗ ਪਗੇ।" ਇਸ ਛੰਦ ਨੂੰ ਤਬਲੇ ਉਪਰ ਵਜਾਇਆ। ਦਰਸ਼ਕਾਂ ਨੇ ਤਾਲੀਆਂ ਨਾਲ ਹਾਲ ਗੂੰਜਾ ਦਿੱਤਾ ਅਤੇ ਜੈਕਾਰੇ ਗੁੰਜਾਏ। ਵਿਦਵਾਨਾਂ ਲਈ ਇਹ ਇਕ ਨਵੀਂ ਪਿਰਤ ਦੀ ਸ਼ੁਰੂਆਤ ਕੀਤੀ ਕਿ ਜਿਵੇਂ ਹੋਰ ਕਲਾਕਾਰ ਤਬਲੇ ਤੇ ਸ਼ਿਵ ਪਰਨ, ਗਨੇਸ਼ ਪਰਨ, ਰਾਜ ਪਰਨ ਵਜਾਉਂਦੇ ਹਨ। ਇਸੇ ਤਰਾਂ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥ ਵਿਚੋ ਸੰਗੀਤ ਪ੍ਰਯਾਤ ਛੰਦ ਜਿਨਾਂ ਦੇ ਸਿਰ-ਦੰਗ ਵਾਲੇ ਨਾਗੜਦੇ, ਬਾਜੜਦੇ, ਝਾਗੜਦੇ, ਪ੍ਰਾਗੜੰਦ ਵਰਗੇ ਬੋਲ ਹਨ ਨੂੰ ਤਾਲ ਬਧ ਕਰਕੇ ਉਸਤਾਦ ਸਾਹਿਬਾਨ ਸਭਾ ਵਿਚ ਆਪ ਵਜਾਉਣ ਅਤੇ ਆਪਣੇ ਸ਼ਗਿਰਦਾਂ ਨੂੰ ਸਿਖਾਉਣ ਤਾਂ ਕਿ ਗੁਰਮਤਿ ਸੰਗੀਤ ਦੇ ਵਿਰਸੇ ਬਾਰੇ ਬਾਕੀ ਲੋਕ ਵੀ ਜਾਣੂ ਹੋ ਸਕਣ। ਹਿਮਾਸ਼ੂ ਮਹੰਤ ਸੁਧੀਰ ਸ਼ਰਮਾ, ਗੁਰਚਰਨ ਸਿੰਘ ਨਾਮਧਾਰੀ, ਆਸਾ ਦੇਵੀ ਵਿਉਨੰਦਨ ਸ਼ਰਮਾ, ਰਸੀਦ ਨਿਆਜੀ, ਮਧੁਰੇਸ਼ ਭਟ, ਗੁਰਿੰਦਰ ਸਿੰਘ, ਮੁਕੇਸ਼ ਕੁਮਾਰ, ਪਰਵੇਜ਼ ਹੁਸੈਨ ਨੇ ਤੀਨ ਤਾਲ ਹਰਦੇਵ ਸਿੰਘ ਰੂਪਕ, ਕਰਿਸਨ ਕੁਮਾਰ ਸੁਲਫਾਕਤਾ, ਦਵਿੰਦਰ ਸਿੰਘ ਨਾਮਧਾਰੀ, ਅਜੈਪਾਲ ਸਿੰਘ ਨੇ ਤੀਨ ਤਾਲ ਵਜਾਇਆ। ਗਗਨਪ੍ਰੀਤ ਕੌਰ ਕੋਹਲੀ ਨੇ ਰਾਗ ਸਾਰੰਗ ਅਤੇ ਸੰਦੀਪ ਸਿੰਘ ਨੇ ਰਾਗ ਕਿਰਵਾਨੀ ਵਜਾਇਆ।

ਜਿਥੋਂ ਤੱਕ ਵੋਕਲ ਦਾ ਸਬੰਧ ਹੈ ਉਸ ਵਿਚ ਸਿਖ ਯੁਵਕ ਘਟ ਹੀ ਨਿਤਰੇ ਜਦੋਂ ਕਿ ਗਾਇਨ ਵਿਚ ਜਿਆਦਾ ਚਾਹੀਦੇ ਸੀ। ਮੇਰੀ ਸਮਝ ਅਨੁਸਾਰ ਇਸ ਘਾਟ ਦਾ ਕਾਰਨ ਹੈ ਕਿ ਸਾਡੀ ਸੰਗੀਤ ਸਿਖਾਉਣ ਦਾ ਢੰਗ ਉਸ ਪੱਧਰ ਦਾ ਨਹੀਂ। ਕਿਉਂਕਿ ਵਿਦਿਆਲੇ ਦੇ ਉਸਤਾਦ ਵਿਦਿਆਰਥੀਆਂ ਨੂੰ ਹਰਮੋਨੀਅਮ ਨਾਲ ਸ਼ੁਰੂ ਕਰਵਾ ਦਿੰਦੇ ਹਨ ਜਿਸ ਕਰਕੇ ਅੱਗੇ ਚਲਕੇ ਉਨਾ ਨੂੰ ਹਰਮੋਨੀਅਮ ਬਗੈਰ ਗਾਉਣਾ ਮੁਸ਼ਕਿਲ ਲੱਗਦਾ ਹੈ। ਇਸ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ। ਤਬਲੇ ਦੇ ਖੇਤਰ ਵਿਚ ਚੰਗੇ ਤਬਲਾ ਵਾਦਕ ਮਿਲਣ ਦੀ ਆਸ ਹੈ। ਨਾਮਧਾਰੀ ਸੰਪਰਦਾ ਵਲੋਂ ਗਾਇਨ ਵਾਦਨ, ਤਬਲਾ ਵਿਚ ਚੰਗੇ ਪ੍ਰਤੀਯੋਗੀ ਭੇਜੇ ਉਨਾ ਦੇ ਸਤਿਕਾਰਯੋਗ ਸਤਿਗੁਰੂ ਜੀ ਦੀ ਸੰਗੀਤ ਪ੍ਰਤੀ ਲਗਨ ਦਾ ਸਦਕਾ ਹੀ ਹੈ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪਾਸੇ ਧਿਆਨ ਦੇਵੇ ਆਪਣੇ ਵਿਦਿਆਲਿਆਂ ਵਿਚ ਚੰਗੇ ਅਧਿਆਪਕ ਨਿਯੁਕਤ ਕਰੇ ਜੋ ਵਧੀਆ ਢੰਗ ਨਾਲ ਸਿਖਾ ਸਕਣ। ਜਿਹੜੇ ਸਿੱਖ ਯੁਵਕ ਇਸ ਪ੍ਰਤੀਯੋਗਤਾ ਵਿਚ ਭਾਗ ਲੈਂਦੇ ਹਨ ਅਤੇ ਸਥਾਨ ਹਾਸਲ ਕਰਦੇ ਹਨ ਉਨ੍ਹਾਂ ਦੀ ਸੰਭਾਲ ਕਰੇ, ਸਨਮਾਨ ਕਰੇ ਕੀਰਤਨ ਵਾਸਤੇ ਉਨ੍ਹਾਂ ਦੀਆਂ ਸੇਵਾਵਾਂ ਹਾਸਲ ਕਰੇ। ਇਹ ਕੌਮ ਦਾ ਸਰਮਾਇਆ ਹਨ। ਜੇਕਰ ਸਿੱਖ ਕੀਰਤਨੀਏ ਗੁਰਮਤਿ ਅਤੇ ਭਾਰਤੀ ਸੰਗੀਤ ਦੇ ਖੇਤਰ ਵਿਚ ਨਾਮਵਰ ਹੋਣਗੇ ਤਾਂ ਬਾਕੀ ਦੇ ਲੋਕ ਗੁਰਮਤਿ ਸੰਗੀਤ ਵੱਲ ਆਕਰਸ਼ਤ ਹੋਣਗੇ ਅਤੇ ਇਸਦਾ ਪ੍ਰਚਾਰ ਅਤੇ ਪ੍ਰਸਾਰ ਹੋਵੇਗਾ।

ਇਸ ਸਾਰੇ ਪ੍ਰੋਗਰਾਮ ਵਿਚ ਹਜ਼ਾਰਾਂ ਸਰੋਤਿਆਂ ਤੋਂ ਬਿਨਾ ਉਸਤਾਦ ਲਛਮਣ ਸਿੰਘ ਸੀਨ ਪ੍ਰੋ. ਕੰਵਲਜੀਤ ਸਿੰਘ, ਪ੍ਰੋ. ਰਵੇਲ ਸਿੰਘ ਹਜੂਰੀ ਰਾਗੀ ਸ੍ਰੀ ਹਰਮੰਦਰ ਸਾਹਿਬ, ਡਾ. ਜੋਗਿੰਦਰ ਸਿੰਘ ਬਾਵਰਾ, ਪ੍ਰੋ. ਅਵਤਾਰ ਸਿੰਘ ਬੋਦਲ, ਪ੍ਰੋ. ਅਮਰਦੀਪ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਇਕਬਾਲ ਸਿੰਘ ਰੋਜੀ, ਪ੍ਰੋ. ਦਵਿੰਦਰ ਸਿੰਘ ਵਿਸ਼ੇਸ਼ ਕਰ ਨਵੇਂ ਕਲਾਕਾਰਾਂ ਦੀ ਹੌਸਲਾ ਅਫਜਾਈ ਲਈ ਹਾਜ਼ਰ ਰਹੇ। ਸਿਖ ਸੰਸਥਾਵਾਂ ਨੂੰ ਵੀ ਅਜਿਹੇ ਪ੍ਰੋਗਰਾਮ ਕਰਾਉਣੇ ਚਾਹੀਦੇ ਹਨ ਤਾਂ ਕਿ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਅਤੇ ਤਾਲਾਂ ਵਿਚ ਗਾਉਣ ਦੀ ਘਾਟ ਨਾ ਰਹੇ। ਪ੍ਰਬੰਧਕਾਂ ਵਲੋਂ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵਧੀਆ ਰਿਹਾ ਵਧਾਈ ਦੇ ਪਾਤਰ ਹਨ। ਅਗਲੇ ਸਾਲ ਮਿਲਣ ਦੀ ਆਸ ਲੈ ਕੇ ਪ੍ਰੋਗਰਾਮ ਸਫਲਤਾ ਨਾਲ ਸੰਪੰਨ ਹੋਇਆ। ☬

# Is Indian Classical Music Dying

(***Continued from Dec. 2002 issue***)

**Mohan Nadkarni**

**Reproduced From 'Mirror' (May 1982)**

**Serious Attempt**

Another serious attempt to revive the ancient *Guru-Shishya* mode of training is in evidence at the Sangeet Research Academy at Calcutta. Started by the India Tobacco Company (ITC) four years ago. It provides facilities for learning Hindustani music in typically *gurukula* environment of ancient times. The disciples live and learn in the constant company and supervision of their masters. The sylvan setting of the academy provides the right kind of spirit to promote music education on the old pattern.

The primary accent presently is on teaching vocal music which his always been regarded as the mainstay of Indian classical music. For a start, Hindustani vocal music has been chosen as the discipline and the academy has engaged the services of eminent vocalists like Nissar Hussain Khan, Girija Devi, Nivrittibuva Sarnaik and Latafat Hussain Khan, all *gharana* exponents, each to teach three or four most gifted and promising students selected from all over the country after rigid qualifing tests. The selected *Shishyas* receive handsome scholarahips to enable them to learn for about ten years without any economic stress. The *Gurus* are also paid four--figure salaries and they live in spacious well-furnished bungalow-type dwellings.

Promising musicians, who are already performing artistes, also are in residence at the academy. They are not under any *Guru* but are selected to develop their talent and personality under the guidance of an expert committee of musicians and musicologists. There are also other groups of trainees who are non--residential students but who receive free facilities of daily training in the academy.

Organized research in the field of Indian classical music is also one of the activities of the academy. The idea, according to its Executive Director, Mr. Vijay Kichulu, is "to apply a scientific approach to the methods of traditional training, so that the training period could be condensed to ten or 15 years from the normal 30 years or so, without compromising quality. "Besides, there is a library which presently provides the nucleus for academic research at the institution.

**Real Problem**

Finally, the real problem facing our classical music today is to preserve its traditional values and yet create new forms of expression which would emerge as an organic growth from the past and still be nearer to the idiom of contemporary life.

The problem by and large, involves the stupendous task of making classical music strong and dynamic to meet the exigencies of modern times. But while doing so, we have to prove to the world that our classical music is not an attenuated relic, but a living influence; that its sources and material are pure; that its models are original; and that its theory and practice are perfect. A true synthesis of the music of the past with the music of the present will be possible only with a proper appreciation of its past achievements and an equally dispassionate assessment of its future possibilities.

Our classical music is certainly not dying it is at the cross-roads.

# ਸੁਰ ਲਿਪੀਆਂ

## ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ

ਜਵੱਦੀ ਟਕਸਾਲ, ਲੁਧਿਆਣਾ

**ਰਾਗੁ ਮਾਲੀ ਗਉੜਾ:** ਰਾਗ ਮਾਲੀ ਗਉੜਾ ਭਾਰਤੀ ਸੰਗੀਤ ਦੇ ਅਤਿ ਅਲਪ ਪ੍ਰਸਿੱਧ ਜਾਂ ਅਪ੍ਰਚਲਿਤ ਰਾਗਾਂ ਦੇ ਵਰਗ ਦਾ ਇਕ ਕਠਿਨ ਰਾਗ ਹੈ। ਭਾਰਤੀ ਸੰਗੀਤ ਦੇ ਪ੍ਰਾਚੀਨ ਜਾਂ ਮਧਕਾਲੀਨ ਗ੍ਰੰਥਾਂ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਅੰਕਿਤ ਰਾਗਮਾਲਾ ਵਿਚ ਵੀ ਇਸ ਦਾ ਜਿਕਰ ਨਹੀਂ ਆਇਆ। ਇਕ ਮੱਤ ਹੈ ਕਿ ਇਹ ਰਾਗ ਮੁਸਲਮਾਨਾਂ ਦੀ ਕਾਢ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਦੇ 6 ਸ਼ਬਦ ਗੁਰੂ ਰਾਮਦਾਸ ਜੀ ਦੇ, ਗੁਰੂ ਅਰਜਨ ਦੇਵ ਜੀ ਦੇ 3 ਸ਼ਬਦ, ਭਗਤ ਨਾਮਦੇਵ ਜੀ ਦੇ ਸ਼ਬਦ ਵੀ ਹਨ। ਰਾਗ ਮਾਲੀ ਗਉੜਾ ਦਾ ਸੁਭਾ ਖੁਸ਼ੀ ਉਪਜਾਉਣਾ ਅਤੇ ਕਾਮ, ਕ੍ਰੋਧ ਆਦਿ ਦੀ ਮਾਰ ਤੋਂ ਬਚਣ ਲਈ ਤਿਆਰ ਕਰਨਾ ਹੈ। ਪਰਮੇਸਰ ਦੀ ਦਿੱਤੀ ਹਰ ਚੀਜ਼ ਨੂੰ ਵਰਤਣ ਦਾ ਵਲ ਆ ਜਾਵੇਗਾ। ਜੇ ਨਾਮ ਦੀ ਟੇਕ ਰੱਖਾਂਗੇ ਅਤੇ ਖਿਨ ਖਿਨ ਰਾਮ ਨਾਮ ਨੂੰ ਹੀ ਨਮਸਕਾਰ ਕਰਾਂਗੇ।

**ਅਰੋਹ :** ਸ ਰੁ, ਸ, ਨ਼ੀ ਧ਼ ਨ਼ੀ ਰੁ ਗ ਮੇ ਪ, ਮੇ ਧ ਨੀ ਧ ਸਂ। **ਅਵਰੋਹ :** ਸਂ ਨੀ ਧੁ ਪ, ਮੇ ਨੀ ਧ ਮੇ ਗ ਰੁ, ਸ।

**ਸੁਰ :** ਰਿਸ਼ਭ ਕੋਮਲ, ਦੋਨੋਂ ਧੈਵਤ ਤੇ ਤੀਵਰ ਮਧਿਅਮ, ਬਾਕੀ ਸਾਰੇ ਸ਼ੁੱਧ। **ਥਾਟ :** ਮਾਰਵਾ

**ਜਾਤੀ :** ਸੰਪੂਰਨ-ਸੰਪੂਰਨ **ਸਮਾਂ :** ਦਿਨ ਦਾ ਚੌਥਾ ਪਹਿਰ **ਵਾਦੀ :** ਰਿਸ਼ਭ **ਸੰਵਾਦੀ :** ਪੰਚਮ

**ਮੁੱਖ ਅੰਗ :** ਮੇ ਗ ਰੁ, ਸ, ਧ਼ ਨ਼ੀ ਸ ਰੁ, ਗ ਮੇ ਪ, ਨੀ ਧੁ ਪ, ਮੇ ਧ ਮੇ ਗ ਰੁ, ਸਂ।

**ਸੁਰ ਵਿਸਥਾਰ :** 1. ਸ, ਨ਼ੀ ਰੁ, ਸ, ਰੁ ਨ਼ੀ ਧੁ਼ ਪ਼, ਮੇ਼ ਧ਼ ਨ਼ੀ ਧ਼ ਸ, ਧ਼ ਨ਼ੀ ਰੁ, ਨ਼ੀ ਰੁ, ਗ ਮੇ ਪ, ਪ ਧੁ ਪ, ਮੇ ਧ ਮੇ ਗ ਰੁ, ਮੇ ਗ ਰੁ, ਸ।

2. ਨ਼ੀ ਰੇ, ਗ ਮੇ ਪ, ਮੇ ਧ ਨੀ ਧ ਸਂ, ਨੀ ਰੁੇਂ, ਸਂ, ਨੀ ਰੁੇਂ ਗਂ ਰੁ, ਮੇਂ ਗਂ ਰੁੇਂ, ਸਂ, ਨੀ ਰੁੇਂ ਸਂ, ਨੀ ਰੁੇਂ ਨੀ ਧੁ ਪ, ਪ ਮੇ ਗ, ਮੇ ਧ ਮੇ ਗ ਰੁ, ਸ।

ਝੱਪਤਾਲ

| x | | 2 | | | 0 | | 3 | | |
|---|---|---|---|---|---|---|---|---|---|
| *ਸਥਾਈ :* | | | | | | | | | |
| ਮੇ | ਮੇ | ਪ | – | ਪ | ਧੁਪ | ਮੇ | ਗ | ਰੁ | ਸ |
| ਐ | ऽ | ਸੋ | ऽ | ऽ | ਸਹਾ | ऽ | ਈ | ऽ | ऽ |
| ਨ਼ੀ | ਰੁ | ਸ | – | – | ਗ | ਮੇ | ਪ | – | – |
| ਹ | ਰਿ | ਕੋ | ऽ | ऽ | ऽਨਾ | ऽ | ਮ | ऽ | ऽ |
| ਪ | – | ਧ | – | ਨੀਰੁੇਂ | ਨੀ | ਧੁ | ਪ | – | ਪ |
| ਸਾ | ऽ | ਧ | ऽ | ਸੰऽ | ਗ | ਤਿ | ਭ | ऽ | ਜੁ |
| ਪ | – | ਮੇਗ | ਗ | ਗ | ਮੇ | ਗ | ਰੁ | – | ਸ |
| ਪੂ | ऽ | ऽਰ | ऽ | ਨ | ਕਾ | ऽ | ऽ | ऽ | ਮ |
| *ਅੰਤਰਾ :* | | | | | | | | | |
| ਮੇ | ਗ | ਮੇ | – | ਧ | ਧਨੀ | – | ਸਂ | – | ਸਂ |
| ਬੂ | – | ਡ | ऽ | ਤ | ਕਉ | ऽ | ਜੈ | ऽ | ਸੇ |
| ਸਂ | – | ਗਂ | – | – | ਮੇਗਂ | ਰੁੇਂ | ਸਂ | ऽ | ਸਂ |
| ਬੇ | ऽ | ੜੀ | ऽ | ऽ | ਮਿऽ | ਲ | ਤ | ऽ | ऽ |
| ਸਂ | ਰੁੇਂ | ਸਂ | ਨੀ | ਨੀ | ਧੁ | ਨੀ | ਧੁ | ਪ | ਪ |
| ਬੂ | ऽ | ਝ | ऽ | ਤ | ਦੀ | ऽ | ਪ | ऽ | ਕ |
| ਪ | ਧੁ | ਪ | ਮੇ | ਗ | ਮੇ | ਗ | ਰੁ | – | ਸ |
| ਮਿ | ऽ | ਲ | ऽ | ਤ | ਤਿ | ऽ | ਲ | ऽ | ਤ |

**ਰਾਗ ਬਸੰਤ:** ਆਦਿ ਕਾਲ ਤੋਂ ਹੀ ਪ੍ਰਕ੍ਰਿਤੀ ਨਾਲ, ਮਨੁੱਖ ਦਾ ਅਟੁੱਟ ਸਬੰਧ ਹੋਣ ਕਾਰਨ ਕੁਦਰਤ ਦੀਆਂ ਰੰਗੀਲੀਆਂ ਮਨੁੱਖ ਨੂੰ ਖੇੜਾ ਪ੍ਰਦਾਨ ਕਰਦੀਆਂ ਹਨ। ਮਾਨਵ ਸੰਸਕ੍ਰਿਤੀ ਦੇ ਵਿਕਾਸ ਵਿਚ ਮਾਹ ਥਿਤ, ਵਾਰ ਅਤੇ ਰੁੱਤ ਦਾ ਬੜਾ ਮਹੱਤਵਪੂਰਨ ਸਥਾਨ ਰਿਹਾ ਹੈ। ਭਾਰਤ ਦੀ ਪ੍ਰਕ੍ਰਿਤਕ ਸਥਿਤੀ ਅਨੁਸਾਰ ਜੇਠ-ਹਾੜ ਵਿਚ ਥਲ ਅਤੇ ਅਕਾਸ਼ ਦਾ ਤਪਣਾ, ਸਾਵਣ-ਭਾਦੋਂ ਵਿਚ ਬੱਦਲਾਂ ਦਾ ਗਰਜਣਾ, ਰਿਮਝਿਮ ਕਰਕੇ ਮੀਂਹ ਦਾ ਵਰਸਣਾ, ਚੇਤ-ਵਿਸਾਖ ਵਿਚ ਬਸੰਤ ਰੁੱਤੇ ਧਰਤੀ ਅਤੇ ਅਕਾਸ਼ ਦਾ ਮੌਲਣਾ-ਇਹ ਸਭ ਮਨੁੱਖ ਨੂੰ ਕਾਦਰ ਦੀ ਯਾਦ ਵਿਚ ਜੋੜਦੇ ਹਨ। ਬਸੰਤ ਨੂੰ ਸਭ ਤੋਂ ਸ੍ਰੇਸ਼ਟ ਰੁੱਤ ਸਵੀਕਾਰਦਿਆਂ ਇਸ ਨੂੰ 'ਰਿਤੂ ਰਾਜ' ਕਿਹਾ ਜਾਂਦਾ ਹੈ। ਜਿੱਥੇ ਬਸੰਤ ਵਿਚ ਚਾਰੇ ਪਾਸੇ ਖੇੜਾ ਮਿਲਦਾ ਹੈ। ਓਥੇ ਬਸੰਤ ਰਾਗ ਗਾਇਆ ਮਨ ਨੂੰ ਖੇੜਾ ਮਿਲਦਾ ਹੈ। ਕਬੀਰ ਜੀ ਫੁਰਮਾਉਂਦੇ ਹਨ। ***ਮਉਲੀ ਧਰਤੀ ਮਉਲਿਆ ਆਕਾਸੁ॥ ਘਟਿ ਘਟਿ ਮਉਲਿਆ ਆਤਮ ਪਰਗਾਸੁ॥*** ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ***ਬਨਸਪਤਿ ਮਉਲੀ ਚੜਿਆ ਬਸੰਤੁ॥*** ਬਸੰਤ ਦੇ ਦਿਨਾਂ ਵਿਚ ਭਾਵ ਮਾਘੀ ਤੋਂ ਹੀ ਹਰ ਦੀਵਾਨ ਵਿਚ ਕੀਰਤਨ ਦੀ ਸਮਾਪਤੀ ਦੇ ਉਪਰੰਤ ਬਸੰਤ ਕੀ ਵਾਰ ਦਾ ਕੀਰਤਨ ਹੁੰਦਾ ਹੈ। ਹੋਲੇ ਮਹੱਲੇ ਤੱਕ ਵਾਰ ਪੜ੍ਹੀ ਜਾਂਦੀ ਹੈ। ਕਹਿੰਦੇ ਹਨ ਜਿਸ ਬਸੰਤ ਕੀ ਵਾਰ ਗਾ ਲਈ ਉਹ ਸਦਾ ਉਮਾਹ ਵਿਚ ਰਹਿੰਦਾ ਹੈ। ਉਸ ਦਾ ਮਰਦਉਪਣਾ ਕਦੇ ਨਹੀਂ ਜਾਂਦਾ। ਇਸ ਰਾਗ ਦਾ ਉਹੀ ਸਰੂਪ ਨਿਸ਼ਚਿਤ ਕੀਤਾ ਗਿਆ ਹੈ, ਜੋ ਸ੍ਰੀ ਹਰਿਮੰਦਰ ਸਾਹਿਬ ਵਿਚ ਗਾਇਆ ਜਾਂਦਾ ਰਿਹਾ ਹੈ ਅਤੇ ਸਿਆਣੇ ਕੀਰਤਨਕਾਰ ਹੁਣ ਵੀ ਗਾਂਦੇ ਹਨ।

**ਅਰੋਹ :** ਸ ਗ ਮ, ਧ ਨੀ ਸਂ। **ਅਵਰੋਹ :** ਸਂ ਨੀ ਧ ਪ ਮ ਗ ਰੇ ਸ।

**ਸੁਰ :** ਸਾਰੇ ਸ਼ੁੱਧ ਅਰੋਹ ਵਿਚ ਰਿਸ਼ਭ ਅਤੇ ਪੰਚਮ ਵਰਜਿਤ। **ਥਾਟ :** ਬਿਲਾਵਲ

**ਜਾਤੀ :** ਔੜਵ-ਸੰਪੂਰਨ **ਸਮਾਂ :** ਦਿਨ ਦਾ ਦੂਜਾ ਪਹਿਰ (ਬਸੰਤ ਰੁੱਤ ਵਿਚ ਕਿਸੇ ਸਮੇਂ ਵੀ ਗਾਇਆ ਵਜਾਇਆ ਜਾ ਸਕਦਾ ਹੈ) **ਵਾਦੀ :** ਸ਼ੜਜ **ਸੰਵਾਦੀ :** ਮਧਿਅਮ

**ਮੁੱਖ ਅੰਗ :** ਗ ਮ ਧ ਨੀ ਸਂ ਸਂ ਨੀ ਧ ਪ ਮ ਗ ਰੇ ਸ।

**ਸੁਰ ਵਿਸਥਾਰ :** 1. ਸ ਗ ਮ ਮ ਪ ਮ, ਗ ਰੇ ਸ, ਧ਼ ਨ਼ੀ ਸ, ਨ਼ੀ ਧ ਨ਼ੀ ਧ਼ ਪ਼ ਮ਼, ਮ਼ ਪ਼ ਮ਼ ਮ਼ ਧ ਨ਼ੀ ਸ ਸ ਗ ਮ ਮ ਪ ਮ ਧ ਪ ਮ ਮ ਪ ਮ ਗ ਰੇ ਸ।

2. ਸ ਗ ਮ ਮ ਪ ਧ ਪ ਮ ਧ ਨੀ ਧ ਪ ਮ, ਮ ਧ ਨੀ ਸਂ, ਧ ਨੀ ਸਂ ਰਂ ਸਂ, ਸਂ ਗਂ ਮਂ, ਗਂ ਰੇਂ ਸਂ, ਸਂ ਰੇਂ ਸਂ, ਨੀ ਧ ਨਂ ਧ ਪ ਮ, ਸਂ ਨੀ ਧ ਪ ਮ, ਮ ਪ ਮ, ਗ ਰੇ ਸ।

**ਝਪਤਾਲ**

| x | | 2 | | | 0 | | 3 | | |
|---|---|---|---|---|---|---|---|---|---|
| ***ਸਥਾਈ :*** | | | | | | | | | |
| ਮਮ | ਮਮ | ਪਮ | -ਮ | ਮਮ | ਧ | ਨੀ | ਨੀਧ | ਪ | ਮ |
| ਹਉ | ਕਛੂ | ਨऽ | ऽਜਾ | ਨਉ | ਤੇ | ਗੀ | ਸਾऽ | ऽ | ਰ |
| ਮ | ਧਧ | ਨੀਨੀ | -ਸਂ | -ਸਂ | - | ਨੀਧਧਧ | ਨੀ | ਧਪ | ਮ |
| ਤੂ | ਕਰਿ | ਗਤਿ | ऽਮੇ | ऽਰੀ | ऽ | ਪ੍ਰਭਦਇ | ਆ | ऽऽ | ਰ |
| ***ਅੰਤਰਾ :*** | | | | | | | | | |
| ਮ਼ਮ | ਮਮ | ਨੀਧ | -ਨੀ | ਧਨੀ | ਸਂ | -ਨੀ | ਸਂ | - | - |
| ਤੁਮ | ਬਡ | ਦਾऽ | ऽਤੇ | ऽऽ | ਦੇ | ऽਰ | ਹੇ | ऽ | ऽ |
| ਸਂਨੀ | ਧਨੀ | -ਨੀ | -ਨੀ | -ਸਂ | -ਨੀ | ਧਧ | ਨੀਧ | ਧਪ | ਮ |
| ਜੀਅ | ऽਪ੍ਰਾ | ऽਣ | ऽਮ | ऽਹਿ | ऽਰ | ਵਿਰ | ਹੇऽ | ऽऽ | ऽ |

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਮਾਲੀ ਗਉੜਾ ਮਹਲਾ ੫ ॥ | **Maligaura 5th Guru.** | ਮਾਲੀ ਗਉੜਾ ਪੰਜਵੀਂ ਪਾਤਿਸ਼ਾਹੀ। |
| ਐਸੋ ਸਹਾਈ ਹਰਿ ਕੋ ਨਾਮ ॥ | Such a helper is the Lord's Name. | ਐਹੋ ਜੇਹਾ ਮਦਦਗਾਰ ਹੈ ਪ੍ਰਭੂ ਦਾ ਨਾਮ। |
| ਸਾਧ ਸੰਗਤ ਭਜੁ ਪੂਰਨ ਕਾਮ ॥੧॥ | Contemplating the Lord in the saints society, ones affairs are arranged. | ਸਤਿੰਸਗਤ ਅੰਦਰ ਸੁਆਮੀ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਇਨਸਾਨ ਦੇ ਕਾਰਜ ਰਾਸ ਹੋ ਜਾਂਦੇ ਹਨ। |
| ਰਹਾਉ ॥ | Pause. | ਠਹਿਰਾਉ। |
| ਬੂਡਤ ਕਉ ਜੈਸੇ ਬੇੜੀ ਮਿਲਤ ॥ | As is the boarding a boat for the drowning man. | ਜਿਸ ਤਰ੍ਹਾਂ ਡੁਬਦੇ ਹੋਏ ਬੰਦੇ ਦਾ ਕਿਸ਼ਤੀ ਤੇ ਚੜ੍ਹ ਜਾਣਾ ਹੈ। |
| ਬੂਝਤ ਦੀਪਕ ਮਿਲਤ ਤਿਲਤ ॥ | As the dying Lamp burns by obtaining oil. | ਜਿਸ ਤਰ੍ਹਾਂ ਬੁਝਦਾ ਹੋਇਆ ਦੀਵਾ ਤੇਲ ਮਿਲਣ ਤੇ ਜਗ ਉਠਦਾ ਹੈ। |
| ਜਲਤ ਅਗਨੀ ਮਿਲਤ ਨੀਰ ॥ | As the burning fire is quenched with pouring of water. | ਜਿਸ ਤਰ੍ਹਾਂ ਮਚਦੀ ਹੋਈ ਅੱਗ ਪਾਣੀ ਪਾਉਣ ਨਾਲ ਬੁਝ ਜਾਂਦੀ ਹੈ। |
| ਜੈਸੇ ਬਾਰਕਿ ਮੁਖਹਿ ਖੀਰ ॥੧॥ | As the child is satiated by oozing milk in the mouth. | ਜਿਸ ਤਰ੍ਹਾਂ ਮੂੰਹ ਵਿਚ ਦੁੱਧ ਚੋਣ ਨਾਲ ਬੱਚਾ ਤ੍ਰਿਪਤ ਹੋ ਜਾਂਦਾ ਹੈ। |
| ਜੈਸੇ ਰਣ ਮਹਿ ਸਖਾ ਭ੍ਰਾਤ ॥ | As in the battle, brother becomes a succourer. | ਜਿਸ ਤਰ੍ਹਾਂ ਲੜਾਈ ਵਿਚ ਭਰਾ ਮਦਦਗਾਰ ਹੁੰਦਾ ਹੈ। |
| ਜੈਸੇ ਭੂਖੇ ਭੋਜਨ ਮਾਤ ॥ | As the hunger of the hungry man is satisfied with food. | ਜਿਸ ਤਰ੍ਹਾਂ ਭੁਖੇ ਇਨਸਾਨ ਦੀ ਭੁਖ, ਖਾਣੇ ਨਾਲ ਮਿਟ ਜਾਂਦੀ ਹੈ। |
| ਜੈਸੇ ਕਿਰਖਹਿ ਬਰਸ ਮੇਘ ॥ | As bursting of cloud saves the crop. | ਜਿਸ ਤਰ੍ਹਾਂ ਬੱਦਲਾਂ ਦਾ ਵਰ੍ਹਣਾ ਫ਼ਸਲ ਨੂੰ ਬਚਾ ਦਿੰਦਾ ਹੈ। |
| ਜੈਸੇ ਪਾਲਨ ਸਰਨਿ ਸੇਂਘ ॥੨॥ | As in the tiger's refuge, one is well protected. | ਜਿਸ ਤਰ੍ਹਾਂ ਸ਼ੇਰ ਦੀ ਪਨਾਹ ਅੰਦਰ ਚੰਗਾ ਬਚਾਅ ਹੁੰਦਾ ਹੈ। |
| ਗਰੁੜ ਮੁਖਿ ਨਹੀ ਸਰਪ ਤ੍ਰਾਸ ॥ | As with eagle's spell in the mouth one fears the snake. | ਜਿਸ ਤਰ੍ਹਾਂ ਉਕਾਬ ਦਾ ਜੰਤ੍ਰ ਮੰਤ੍ਰ ਮੂੰਹ ਵਿਚ ਹੋਣ ਨਾਲ ਬੰਦਾ ਸੱਪ ਤੋਂ ਡਰਦਾ ਨਹੀ। |
| ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥ | As the cat can eat not the parrot in the cage. | ਜਿਸ ਤਰ੍ਹਾਂ ਪਿੰਜਰੇ ਵਿਚ ਤੋਤੇ ਨੂੰ ਬਿੱਲੀ ਖਾ ਨਹੀ ਸਕਦੀ। |
| ਜੈਸੋ ਆਂਡੋ ਹਿਰਦੇ ਮਾਹਿ ॥ | As is the refflection in the mind for the eggs. | ਜਿਸ ਤਰ੍ਹਾਂ ਚਿਤ ਅੰਦਰ ਦਾ ਸਿਮਰਨ ਆਂਡਿਆਂ ਦੇ ਵਾਸਤੇ ਹੈ। |
| ਜੈਸੋ ਦਾਨੋ ਚਕੀ ਦਰਾਹਿ ॥੩॥ | As the grains are saved sticking to the central peg of the quern. | ਜਿਸ ਤਰ੍ਹਾਂ ਚੱਕੀ ਦੀ ਵਿਚਕਾਰਲੀ ਕਿੱਲੀ ਨਾਲ ਲੱਗਣ ਦੁਆਰਾ ਦਾਣੇ ਬੱਚ ਜਾਂਦੇ ਹਨ। |
| | So does the Lord's Name emancipates those, who places it in their mind. | ਏਸੇ ਤਰ੍ਹਾਂ ਹੀ ਸਾਂਈ ਦਾ ਨਾਮ ਉਨ੍ਹਾਂ ਦੀ ਕਲਿਆਣ ਕਰ ਦਿੰਦਾ ਹੈ, ਇਸ ਨੂੰ ਆਪਣੇ ਹਿਰਦੇ ਅੰਦਰ ਟਿਕਾਉਂਦੇ ਹਨ। |
| ਬਹੁਤੁ ਓਪਮਾ ਥੋਰ ਕਹੀ ॥ | Great is Thy glory, O God, I can narrate but a little. | ਵਿਸ਼ਾਲ ਹੈ ਤੇਰੀ ਪ੍ਰਭਤਾ, ਹੇ ਵਾਹਿਗੁਰੂ! ਮੈਂ ਕੇਵਲ ਥੋੜੀ ਜੇਹੀ ਹੀ ਵਰਣਨ ਕਰ ਸਕਦਾ ਹਾਂ। |
| ਹਰਿ ਅਗਮ ਅਗਮ ਅਗਾਧਿ ਤੁਹੀ ॥ | Thou art Illimitable, Inaccessible and Inapprehensible, O God. | ਤੂੰ ਹੱਦਬੰਨਾ-ਰਹਿਤ, ਪਹੁੰਚ ਤੋਂ ਪਰੇ ਅਤੇ ਸੋਚ ਸਮਝ ਤੋਂ ਉਚੇਰਾ ਹੈਂ, ਹੇ ਵਾਹਿਗੁਰੂ! |
| ਊਚ ਮੂਚੋ ਬਹੁ ਅਪਾਰ ॥ | Thou art very high, great and Infinite. | ਤੂੰ ਨਿਹਾਇਤ ਹੀ ਬੁਲੰਦ, ਵਡਾ ਅਤੇ ਬੇਅੰਤ ਹੈਂ। |
| ਸਿਮਰਤ ਨਾਨਕ ਤਰੇ ਸਾਰ ॥੪॥੩॥ | Meditating on the Lord, one is ferried across, O Nanak. | ਸਾਹਿਬ ਦਾ ਸਿਮਰਨ ਕਰਨ ਦੁਆਰਾ, ਇਨਸਾਨ ਪਾਰ ਉਤਰ ਜਾਂਦਾ ਹੈ ਹੇ ਨਾਨਕ! |

| ਬਸੰਤ ਮਹਲਾ ੫ ॥ | Basant 5th Guru. | ਬਸੰਤ ਪੰਜਵੀਂ ਪਾਤਿਸ਼ਾਹੀ। |
|---|---|---|
| ਤੁਮ ਬਡਦਾਤੇ ਦੇ ਰਹੇ ॥ | Thou, O great Beneficent Lord, art making gifts. | ਤੂੰ, ਹੇ ਵਡੇ ਦਾਤਾਰ ਪ੍ਰਭੂ! ਦਾਤਾ ਦੇ ਰਿਹਾ ਹੈਂ। |
| ਜੀਅ ਪ੍ਰਾਣ ਮਹਿ ਰਵਿ ਰਹੇ ॥ | Thou art contained in my soul and life-breath. | ਤੂੰ ਮੇਰੀ ਜਿੰਦੜੀ ਤੇ ਜਿੰਦ-ਜਾਨ ਅੰਦਰ ਰਮ ਰਿਹਾ ਹੈਂ। |
| ਦੀਨੇ ਸਗਲੇ ਭੋਜਨ ਖਾਨ ॥ | Thou hast given me all the diets and dainties. | ਤੂੰ ਮੈਨੂੰ ਸਾਰੇ ਖਾਣੇ ਅਤੇ ਨਿਆਮਤਾਂ ਬਖ਼ਸ਼ੀਆਂ ਹਨ। |
| ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥ | I, the ungrateful one, have not valued even one goodness of Thine. | ਮੈਂ, ਨਾਸ਼ੁਕਰੇ ਨੇ ਤੇਰੇ ਇਕ ਉਪਕਾਰ ਦੀ ਕਦਰ ਨਹੀਂ ਪਾਈ। |
| ਹਉ ਕਛੂ ਨ ਜਾਨਉ ਤੇਰੀ ਸਾਰ ॥ | I realise not even a bit, Thy worth, O Lord. | ਤੇਰੀ ਕਦਰ ਨੂੰ, ਹੇ ਪ੍ਰਭੂ! ਮੈਂ ਭੋਰਾ ਭੋਰਾ ਭੀ ਅਨੁਭਵ ਨਹੀਂ ਕਰਦਾ। |
| ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ | Emancipate Thou me, O my merciful Master. | ਤੂੰ ਮੇਰੀ ਕਲਿਆਨ ਕਰ, ਹੇ ਮੇਰੇ ਮਿਹਰਬਾਨ ਮਾਲਕ। |
| ਰਹਾਉ ॥ | Pause. | ਠਹਿਰਾਉ। |
| ਜਾਪ ਨ ਤਾਪ ਕਰਮ ਕੀਤਿ ॥ | I have practised not meditation, arduous service and good deeds. | ਮੈਂ ਸਿਮਰਨ, ਕਰੜੀ ਘਾਲ ਅਤੇ ਚੰਗੇ ਅਮਲਾਂ ਦੀ ਕਮਾਈ ਨਹੀਂ ਕੀਤੀ। |
| ਆਵੈ ਨਾਹੀ ਕਛੂ ਰੀਤਿ ॥ | I know not the way to meet with Thee. | ਮੈਨੂੰ ਤੇਰੇ ਨਾਲ ਮਿਲਣ ਦਾ ਮਾਰਗ ਨਹੀਂ ਆਉਂਦਾ। |
| ਮਨ ਮਹਿ ਰਾਖਉ ਆਸ ਏਕ ॥ | Within my mind, I have enshrined the hope in the Lord alone. | ਆਪਣੇ ਰਿਦੇ ਅੰਦਰ ਮੈਂ ਕੇਵਲ ਸੁਆਮੀ ਦੀ ਉਮੈਦ ਹੀ ਧਾਰਨ ਕੀਤੀ ਹੋਈ ਹੈ। |
| ਨਾਮ ਤੇਰੇ ਕੀ ਤਰਉ ਟੇਕ ॥੨॥ | I shall be delivered through the support of Thy Name. | ਤੇਰੇ ਨਾਂਮ ਦੇ ਆਸਰੇ ਰਾਹੀਂ ਮੇਰਾ ਪਾਰ ਉਤਾਰ ਹੋਵੇਗਾ। |
| ਸਰਬ ਕਲਾ ਪ੍ਰਭ ਤੁਮ ਪ੍ਰਬੀਨ ॥ | Thou art conversant with all art, O Lord. | ਤੂੰ ਸਾਰਿਆਂ ਹੁਨਰਾਂ ਦਾ ਮਾਲਕ ਹੈਂ, ਹੇ ਸਾਹਿਬ! |
| ਅੰਤ ਨ ਪਾਵਹਿ ਜਲਹਿ ਮੀਨ ॥ | I am like a fish, which can find not the limit of water. | ਮੈਂ ਮੱਛੀ ਦੀ ਮਾਨੰਦ ਹਾਂ, ਜੋ ਪਾਣੀ ਦੇ ਓੜਕ ਨੂੰ ਨਹੀਂ ਪਾ ਸਕਦੀ। |
| ਅਗਮ ਅਗਮ ਊਚਰ ਤੇ ਊਚ ॥ | Thou, O Lord, art Unfathomable, Inaccessible and the highest of high. | ਤੂੰ, ਹੇ ਪ੍ਰਭੂ! ਬੇਥਾਹ, ਪਹੁੰਚ ਤੋਂ ਪਰੇ ਅਤੇ ਬੁਲੰਦਾਂ ਦਾ ਪਰਮ ਬੁਲੰਦ ਹੈਂ। |
| ਹਮ ਥੋਰੇ ਤੁਮ ਬਹੁਤ ਮੂਚ ॥੩॥ | I am small and Thou art very great. | ਮੈਂ ਛੋਟ ਹਾਂ ਅਤੇ ਤੂੰ ਨਿਹਾਇਤ ਹੀ ਵਡਾ ਹੈਂ। |
| ਜਿਨ ਤੂ ਧਿਆਇਆ ਸੇ ਗਨੀ ॥ | Wealthy are they, who meditate on Thee. | ਅਮੀਰ ਹਨ ਉਹ, ਜੋ ਤੈਂਡਾ ਸਿਮਰਨ ਕਰਦੇ ਹਨ। |
| ਜਿਨ ਤੂ ਪਾਇਆ ਸੇ ਧਨੀ ॥ | They who attain unto Thee; they alone are the men of fortune. | ਜੋ ਤੈਨੂੰ ਪਰਾਪਤ ਹੋਏ ਹਨ; ਕੇਵਲ ਉਹ ਹੀ ਧਨਾਡ ਹਨ। |
| ਜਿਨਿ ਤੂ ਸੇਵਿਆ ਸੁਖੀ ਸੇ ॥ | They alone are in peace, who serve Thee. | ਕੇਵਲ ਉਹ ਹੀ ਆਰਾਮ ਵਿਚ ਹਨ, ਜੋ ਤੇਰੀ ਚਾਕਰੀ ਕਰਦੇ ਹਨ। |
| ਸੰਤ ਸਰਣਿ ਨਾਨਕ ਪਰੇ ॥੪॥੭॥ | Nanak has sought the saints' refuge. | ਨਾਨਕ ਨੇ ਸਾਧੂਆਂ ਦੀ ਪਨਾਹ ਲਈ ਹੈ। |